# ਐਲੀਮੈਂਟਰੀ ਸਿੱਖਿਆ ਵਿੱਚ ਡਿਪਲੋਮਾ

(ਡੀ.ਈਐੱਲ.ਐੱਡ.)

ਪਾਠਕ੍ਰਮ–503

## ਐਲੀਮੈਂਟਰੀ ਪੱਧਰ ’ਤੇ ਭਾਸ਼ਾਵਾਂ ਸਿੱਖਣੀਆਂ

ਬਲਾਕ–2

## ਭਾਸ਼ਾ ਸਿਖਲਾਈ ਨਾਲ ਸਬੰਧਿਤ ਹੁਨਰ

ਓਪਨ ਸਕੂਲਿੰਗ ਦੀ ਰਾਸ਼ਟਰੀ ਸੰਸਥਾ

ਏ–24/25, ਇੰਡਸਟਰੀਅਲ ਏਰੀਆ, ਸੈਕਟਰ–62,

ਨੋਇਡਾ ਗੌਤਮ ਬੁੱਧ ਨਗਰ, ਯੂਪੀ–201309

ਵੈਬਸਾਈਟ: **www.nios.ac.in**

## *ਚੇਅਰਮੈਨ ਦਾ ਸੰਦੇਸ਼...*

ਪਿਆਰੇ ਵਿਦਿਆਰਥੀਓ

ਓਪਨ ਸਕੂਲਿੰਗ ਦੀ ਰਾਸ਼ਟਰੀ ਸੰਸਥਾ (ਐੱਨਆਈਓਐੱਸ) ਭਾਰਤ ਸਰਕਾਰ ਦੇ ਮਨੁੱਖੀ ਵਸੀਲੇ ਵਿਭਾਗ (ਐੱਮਐੱਚਆਰਡੀ) ਅਧੀਨ ਇੱਕ ਖੁਦਮੁਖਤਿਆਰ ਸੰਸਥਾ ਹੈ। ਮੌਜੂਦਾ ਸਮੇਂ ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਪੱਧਰ 'ਤੇ 2.02 ਮਿਲੀਅਨ ਵਿਦਿਆਰਥੀਆਂ ਦੇ ਪੰਜੀਕਰਨ ਨਾਲ ਇਹ ਵਿਸ਼ਵ ਦੀ ਸਭ ਤੋਂ ਵੱਡੀ ਸਕੂਲ ਪ੍ਰਣਾਲੀ ਹੈ। ਐੱਨਆਈਓਐੱਸ ਦੇ ਦੇਸ਼ ਦੇ ਅੰਦਰ ਅਤੇ ਬਾਹਰ ਆਪਣੇ ਅਕਾਦਮਿਕ ਅਤੇ ਵੋਕੇਸ਼ਨਲ ਪ੍ਰੋਗਰਾਮਾਂ ਲਈ 15 ਤੋਂ ਜ਼ਿਆਦਾ ਖੇਤਰੀ ਕੇਂਦਰਾਂ, 2 ਉਪ ਕੇਂਦਰਾਂ ਅਤੇ ਲਗਪਗ 5,000 ਅਧਿਐਨ ਕੇਂਦਰਾਂ ਨਾਲ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਨੈੱਟਵਰਕ ਹੈ। ਇਹ ਓਪਨ ਅਤੇ ਡਿਸਟੈਂਸ ਸਿੱਖਿਆ ਪ੍ਰਣਾਲੀ ਰਾਹੀਂ ਵਿਦਿਆਰਥੀ ਕੇਂਦਰਿਤ ਗੁਣਵੱਤਾ ਸਿੱਖਿਆ, ਹੁਨਰ ਅਪ-ਗ੍ਰੇਡੇਸ਼ਨ ਅਤੇ ਸਿਖਲਾਈ ਤੱਕ ਪਹੁੰਚ ਪ੍ਰਦਾਨ ਕਰਦਾ ਹੈ। ਇਹ ਆਪਣੇ ਪ੍ਰੋਗਰਾਮਾਂ ਦਾ ਆਦਾਨ ਪ੍ਰਦਾਨ ਪ੍ਰਿੰਟਿਡ ਸਮੱਗਰੀ ਦੇ ਜ਼ਰੀਏ ਕਰਦਾ ਹੈ ਜਿਸ ਵਿੱਚ ਆਹਮੋ ਸਾਹਮਣੇ ਪੜ੍ਹਾਈ (ਵਿਅਕਤੀਗਤ ਸੰਪਰਕ ਪ੍ਰੋਗਰਾਮ), ਸੂਚਨਾ ਅਤੇ ਸੰਚਾਰ ਤਕਨਾਲੋਜੀ ਆਡਿਓ/ਵੀਡਿਓ ਕੈਸੇਟ, ਰੇਡਿਓ ਪ੍ਰਸਾਰਣ ਅਤੇ ਟੈਲੀਕਾਸਟ ਆਦਿ ਨਾਲ ਇਨ੍ਹਾਂ ਦੇ ਉਪਯੋਗ ਦੀ ਪੂਰਤੀ ਕਰਦਾ ਹੈ।

ਐੱਨਆਈਓਐੱਸ ਨੂੰ ਐਲੀਮੈਂਟਰੀ ਪੱਧਰ ਦੇ ਅਸਿੱਖਿਅਤ ਅਧਿਆਪਕਾਂ ਨੂੰ ਸਿਖਲਾਈ ਦੇਣ ਦਾ ਅਧਿਕਾਰ ਦਿੱਤਾ ਗਿਆ ਹੈ। ਐੱਨਆਈਓਐੱਸ ਵੱਲੋਂ ਖੇਤਰ ਦੀਆਂ ਵਿਭਿੰਨ ਏਜੰਸੀਆਂ ਦੇ ਸਹਿਯੋਗ ਨਾਲ ਡੀ.ਈਐੱਲ.ਈਡੀ. ਪ੍ਰੋਗਰਾਮ ਲਈ ਸਿਖਲਾਈ ਪੈਕੇਜ ਵਿਕਸਤ ਕੀਤਾ ਗਿਆ ਹੈ। ਸੰਸਥਾ ਆਰਟੀਈ 2009 ਮੁਤਾਬਿਕ ਵੱਖ ਵੱਖ ਰਾਜਾਂ ਵਿੱਚ ਇਨ-ਸਰਵਿਸ ਅਸਿੱਖਿਅਤ ਅਧਿਆਪਕਾਂ ਨੂੰ ਐਲੀਮੈਂਟਰੀ ਸਿੱਖਿਆ ਪ੍ਰੋਗਰਾਮ ਵਿੱਚ ਦੋ ਸਾਲ ਦਾ ਨਵੀਨਤਮ ਅਤੇ ਚੁਣੌਤੀਪੂਰਨ ਡਿਪਲੋਮੇ ਦੀ ਪੇਸ਼ਕਸ਼ ਦਿੰਦੀ ਹੈ।

ਮੈਂ ਤੁਹਾਡਾ ਸਾਰਿਆਂ ਦਾ ਓਪਨ ਸਕੂਲਿੰਗ ਦੀ ਰਾਸ਼ਟਰੀ ਸੰਸਥਾ (ਐੱਨਆਈਓਐੱਸ) ਦੇ ਐਲੀਮੈਂਟਰੀ ਸਿੱਖਿਆ ਪ੍ਰੋਗਰਾਮ ਦੇ ਡਿਪਲੋਮਾ ਕੋਰਸ ਵਿੱਚ ਸਵਾਗਤ ਕਰਦੇ ਹੋਏ ਮਾਣ ਮਹਿਸੂਸ ਕਰਦਾ ਹਾਂ। ਮੈਂ ਤੁਹਾਡੇ ਰਾਜਾਂ ਦੀ ਐਲੀਮੈਂਟਰੀ ਸਿੱਖਿਆ ਵਿੱਚ ਤੁਹਾਡੇ ਵੱਲੋਂ ਪਾਏ ਯੋਗਦਾਨ ਦੀ ਸ਼ਲਾਘਾ ਕਰਦਾ ਹਾਂ। ਆਰਟੀਈ 2009 ਕਾਨੂੰਨ ਅਨੁਸਾਰ ਸਾਰੇ ਸਕੂਲ ਅਧਿਆਪਕਾਂ ਦਾ ਪੇਸ਼ੇਵਰ ਸਿੱਖਿਅਤ ਹੋਣਾ ਲਾਜ਼ਮੀ ਬਣ ਗਿਆ ਹੈ। ਅਸੀਂ ਸਮਝਦੇ ਹਾਂ ਕਿ ਅਧਿਆਪਕ ਦੇ ਰੂਪ ਵਿੱਚ ਤੁਹਾਡੇ ਅਨੁਭਵ ਨੇ ਤੁਹਾਨੂੰ ਪਹਿਲਾਂ ਤੋਂ ਹੀ ਇੱਕ ਚੰਗਾ ਅਧਿਆਪਕ ਬਣਨ ਲਈ ਜ਼ਰੂਰੀ ਹੁਨਰ ਪ੍ਰਦਾਨ ਕਰ ਦਿੱਤਾ ਹੈ। ਤੁਹਾਨੂੰ ਇਹ ਕੋਰਸ ਮੁਕੰਮਲ ਕਰਨ ਲਈ ਹੁਣ ਇਹ ਕਾਨੂੰਨ ਰਾਹੀਂ ਲਾਜ਼ਮੀ ਕਰ ਦਿੱਤਾ ਹੈ। ਮੈਨੂੰ ਵਿਸ਼ਵਾਸ ਹੈ ਕਿ ਹੁਣ ਤੱਕ ਤੁਹਾਡੇ ਵੱਲੋਂ ਹਾਸਲ ਕੀਤਾ ਗਿਆ ਗਿਆਨ ਅਤੇ ਅਨੁਭਵ ਨਿਸ਼ਚਿਤ ਰੂਪ ਨਾਲ ਇਸ ਪ੍ਰੋਗਰਾਮ ਵਿੱਚ ਤੁਹਾਡੀ ਮਦਦ ਕਰਨਗੇ।

ਇਹ ਡਿ.ਐੱਨ.ਐਜੂ ਪ੍ਰੋਗਰਾਮ ਓਪਨ ਅਤੇ ਡਿਸਟੈਂਸ ਸਿੱਖਿਆ (ਓਡੀਐੱਲ) ਮੋਡ ਰਾਹੀਂ ਹੁੰਦਾ ਹੈ ਅਤੇ ਤੁਹਾਨੂੰ ਅਧਿਆਪਕ ਦੇ ਰੂਪ ਵਿੱਚ ਨਿਯਮਤ ਰੂਪ ਨਾਲ ਕਾਰਜ ਕਰਨ ਤੋਂ ਪ੍ਰੇਸ਼ਾਨ ਕੀਤੇ ਬਿਨਾਂ ਪੇਸ਼ੇਵਰ ਰੂਪ ਵਿੱਚ ਸਿੱਖਿਅਤ ਹੋਣ ਦਾ ਢੁਕਵਾਂ ਮੌਕਾ ਪ੍ਰਦਾਨ ਕਰਦਾ ਹੈ।

ਤੁਹਾਡੀ ਵਰਤੋਂ ਲਈ ਵਿਸ਼ੇਸ਼ ਰੂਪ ਤੋਂ ਵਿਕਸਤ ਸਵੈ ਸਿੱਖਿਆ ਸਮੱਗਰੀ ਸਮਝਣ ਵਿੱਚ ਸਹਾਇਕ ਹੋਏਗੀ ਅਤੇ ਤੁਹਾਨੂੰ ਨੌਕਰੀ ਦੇ ਯੋਗ ਬਣਾਉਣ ਤੋਂ ਇਲਾਵਾ ਚੰਗਾ ਅਧਿਆਪਕ ਬਣਨ ਵਿੱਚ ਤੁਹਾਡੀ ਮਦਦ ਕਰੇਗੀ।

ਇਸ ਮਹਾਨ ਕਾਰਜ ਲਈ ਸ਼ੁਭਕਾਮਨਾਵਾਂ!!

**ਚੇਅਰਮੈਨ**

(ਐੱਨਆਈਓਐੱਸ)

ਬਲਾਕ-2

ਭਾਸ਼ਾ ਸਿਖਲਾਈ ਸਬੰਧੀ ਹੁਨਰ

ਇਕਾਈ 4 : ਸੁਣਨਾ ਅਤੇ ਬੋਲਣਾ

ਇਕਾਈ 5 : ਪੜ੍ਹਨਾ

ਇਕਾਈ 6 : ਲਿਖਣਾ

## Declaration/ Disclaimer

This is translated version of D.El.Ed. course material available in English medium at www.dled.nios.ac.in. All care and diligence has been ensured while translating to ensure sanctity of materials, however, in case of any kind of divergence/translation/meaning the source version i.e material in English medium shall prevail.

## ਘੋਸ਼ਣਾ

ਇਹ Dled ਲਈ www. Dled.nios.ac.in ਤੇ ਉਪਲਬਧ ਕੋਰਸ ਸਮੱਗਰੀ ਦਾ ਕੀਤਾ ਗਿਆ ਪੰਜਾਬੀ ਅਨੁਵਾਦ ਹੈ. ਕਿਸੇ ਵੀ ਕਿਸਮ ਦੀ ਭਿੰਨਤਾ ਦੇ ਸਿਲਸਿਲੇ ਵਿਚ ਅੰਗ੍ਰਜੀ ਸੰਸਕਰਣ ਪ੍ਰਬਲ ਹੋਵੇਗਾ

**ਬਲਾਕ ਜਾਣ ਪਛਾਣ**

ਚੌਥੀ ਇਕਾਈ ਵਿੱਚ ਸੁਣਨ ਅਤੇ ਬੋਲਣ ਦੇ ਹੁਨਰਾਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ।

ਪੰਜਵੀਂ ਇਕਾਈ ਪੜ੍ਹਨ ਲਈ ਅਤੇ ਛੇਵੀਂ ਇਕਾਈ ਲਿਖਣ ਦੇ ਹੁਨਰਾਂ ਨਾਲ ਸਬੰਧਿਤ ਹੈ। ਇਨ੍ਹਾਂ ਸਭ ਵਿੱਚ ਇੱਕ ਮੁੱਖ ਬਿੰਦੂ ਇਹ ਹੈ ਕਿ ਬੱਚੇ ਵੱਲੋਂ ਗਲਤੀਆਂ ਕਰਨੀਆਂ, ਸਿੱਖਣ ਦੀ ਪ੍ਰਕਿਰਿਆ ਦਾ ਇੱਕ ਸੁਭਾਵਿਕ ਹਿੱਸਾ ਹੈ ਅਤੇ ਗਲਤੀਆਂ ਬੱਚੇ ਦੇ ਗਿਆਨ ਦੀਆਂ ਸੂਚਕ ਹੁੰਦੀਆਂ ਹਨ ਨਾ ਕਿ ਉਸ ਦੀ ਅਗਿਆਨਤਾ ਦੀਆਂ। ਸਾਨੂੰ ਇਹ ਸਮਝਣਾ ਵੀ ਜ਼ਰੂਰੀ ਹੈ ਕਿ ਸਾਡਾ ਧਿਆਨ ਭਾਸ਼ਾ ਗ੍ਰਹਿਣ 'ਤੇ ਕੇਂਦਰਿਤ ਹੋਣਾ ਚਾਹੀਦਾ ਹੈ ਜਾਂ ਪੁਸਤਕਾਂ ਦੀ ਸਮੱਗਰੀ 'ਤੇ ਜਿਸਨੂੰ ਪਾਠ ਪੁਸਤਕਾਂ ਵਿੱਚ ਭਾਸ਼ਾ ਗ੍ਰਹਿਣ ਲਈ ਕੀਤਾ ਜਾਂਦਾ ਹੈ।

**ਵਿਸ਼ਾ ਸੂਚੀ**


| ਲੜੀ ਨੰਬਰ | ਲੜੀ ਨੰਬਰ | ਪੇਜ਼ ਨੰਬਰ |
|---|---|---|
| 1 | ਇਕਾਈ 4 : ਸੁਣਨਾ ਅਤੇ ਬੋਲਣਾ | 1 |
| 2 | ਇਕਾਈ 5: ਪੜ੍ਹਨਾ | 27 |
| 3 | ਇਕਾਈ 6: ਲਿਖਣਾ | 48 |

**ਇਕਾਈ 4 ਸੁਣਨਾ ਅਤੇਬੋਲਣਾ**

**ਸੰਰਚਨਾ**


4.0 ਜਾਣ ਪਛਾਣ

4.1 ਸਿਖਲਾਈ ਉਦੇਸ਼

4.2 ਸੁਣਨਾ ਅਤੇ ਬੋਲਣਾ

4.2.1 ਸੁਣਨਾ ਕੀ ਹੈ ?

4.2.2 ਬੋਲਣਾ ਕੀ ਹੈ ?

4.3 ਕਲਾਸ ਵਿੱਚ ਗੱਲਬਾਤ ਦੀ ਲੋੜ

4.4 ਕਲਾਸ ਵਿੱਚ ਸੁਣਨ-ਬੋਲਣ ਦੇ ਮੌਕੇ ਕਿਵੇਂ ਉਪਲੱਬਧ ਕਰਾਈਏ ?

4.4.1 ਕਵਿਤਾ/ ਬਾਲਗੀਤ ਸੁਣਾਉਣਾ ਅਤੇ ਸੁਣਨਾ

4.4.2 ਚਿੱਤਰਾਂ ਰਾਹੀਂ ਚਰਚਾ ਕਰਨੀ

4.4.3 ਕਹਾਣੀ ਸੁਣਨਾ ਅਤੇ ਸੁਣਾਉਣਾ

4.4.4 ਨਾਟਕ/ਥਿਏਟਰ/ਡਰਾਮ ਰਾਹੀਂ ਭਾਸ਼ਾਈ ਵਿਕਾਸ

4.4.5 ਸਹਿ ਸਿੱਖਿਆ ਗਤੀਵਿਧੀਆਂ

4.5 ਸਟੀਕਤਾ ਅਤੇ ਰਵਾਨੀ

4.6 ਸਾਰਾਂਸ਼

4.7 ਸੰਦਰਭ ਗ੍ਰੰਥ/ ਕੁਝ ਉਪਯੋਗੀ ਪੁਸਤਕਾਂ

4.8 ਇਕਾਈ ਅੰਤ ਅਭਿਆਸ

## 4.0 ਜਾਣ ਪਛਾਣ

ਪਿਛਲੀਆਂ ਇਕਾਈਆਂ ਵਿੱਚ ਅਸੀਂ ਪੜ੍ਹਿਆ ਕਿ ਬੱਚੇ ਆਪਣੇ ਘਰੇਲੂ ਆਲੇ ਦੁਆਲੇ ਵਿੱਚ ਇੱਕ ਤੋਂ ਜ਼ਿਆਦਾ ਭਾਸ਼ਾਵਾਂ ਸਹਿਜਤਾ ਨਾਲ ਸਿੱਖ ਲੈਂਦੇ ਹਨ। ਅਜਿਹਾ ਇਸ ਲਈ ਵੀ ਸੰਭਵ ਹੋ ਪਾਉਂਦਾ ਹੈ ਕਿਉਂਕਿ ਉਨ੍ਹਾਂ ਨੂੰ ਇਨ੍ਹਾਂ ਭਾਸ਼ਾਵਾਂ ਨੂੰ ਸੁਣਨ-ਬੋਲਣ ਦੇ ਭਰਪੂਰ ਮੌਕੇ ਮਿਲਦੇ ਹਨ। ਇਹੀ ਗੱਲ ਉਨ੍ਹਾਂ ਭਾਸ਼ਾਵਾਂ ’ਤੇ ਲਾਗੂ ਹੁੰਦੀ ਹੈ ਜਿਨ੍ਹਾਂ ਨੂੰ ਬੱਚਿਆਂ ਨੂੰ ਸਕੂਲ ਵਿੱਚ ਸਿੱਖਣਾ ਹੁੰਦਾ ਹੈ। ਜੇਕਰ ਬੱਚਿਆਂ ਨੂੰ ਇਨ੍ਹਾਂ ਦੇ ਪ੍ਰਯੋਗ ਦੇ ਵੀ ਢੁਕਵੇਂ ਮੌਕੇ ਦਿੱਤੇ ਜਾਣ ਤਾਂ ਉਹ ਉਨ੍ਹਾਂ ਨੂੰ ਵੀ ਸਹਿਜਤਾ ਨਾਲ ਸਿੱਖ ਸਕਦੇ ਹਨ।

ਇਸ ਇਕਾਈ ਵਿੱਚ ਅਸੀਂ ਸੁਣਨ ਅਤੇ ਬੋਲਣ ਦੇ ਹੁਨਰਾਂ ਦੀ ਗੱਲ ਕਰਾਂਗੇ ਅਤੇ ਇਹ ਸਮਝਣ ਦੀ ਕੋਸ਼ਿਸ਼ ਕਰਾਂਗੇ ਕਿ ਸੁਣਨ-ਬੋਲਣ ਦਾ ਅਰਥ ਕੀ ਹੈ ਅਤੇ ਇਹ ਬੱਚਿਆਂ ਦੇ ਭਾਸ਼ਾ ਸਿੱਖਣ ਵਿੱਚ ਕਿਵੇਂ ਸਹਾਇਕ ਹੈ ? ਨਾਲ ਹੀ ਇਹ ਸਮਝਾਂਗੇ ਕਿ ਇੱਕ ਅਧਿਆਪਕ ਦਾ ਭਾਸ਼ਾ ਸਿਖਾਉਣ ਵਿੱਚ ਇਨ੍ਹਾਂ ਹੁਨਰਾਂ ਪ੍ਰਤੀ ਕੀ ਨਜ਼ਰੀਆ ਰਹਿੰਦਾ ਹੈ।

## 4.1 ਸਿਖਲਾਈ ਉਦੇਸ਼

ਇਸ ਇਕਾਈ ਨੂੰ ਪੜ੍ਹਨ ਤੋਂ ਬਾਅਦ ਤੁਸੀਂ:

- ਸੁਣਨ-ਬੋਲਣ ਦਾ ਅਰਥ ਸਮਝ ਸਕੋਗੇ,
- ਭਾਸ਼ਾ ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਵਿੱਚ ਸੁਣਨ-ਬੋਲਣ ਦੀ ਭੂਮਿਕਾ ਦਾ ਵਿਸ਼ਲੇਸ਼ਣ ਕਰ ਸਕੋਗੇ,
- ਕਲਾਸ ਵਿੱਚ ਇਨ੍ਹਾਂ ਹੁਨਰਾਂ ਦੇ ਵਿਕਾਸ ਲਈ ਕਿਸ- ਕਿਸ ਤਰ੍ਹਾਂ ਦੀਆਂ ਗਤੀਵਿਧੀਆਂ ਕੀਤੀਆਂ ਜਾ ਸਕਦੀਆਂ ਹਨ ਅਤੇ ਇਨ੍ਹਾਂ ਵਿੱਚ ਅਧਿਆਪਕ ਦੀ ਇਛੁੱਕ ਭੂਮਿਕਾ ਅਤੇ ਜ਼ਿੰਮੇਵਾਰੀ ਨੂੰ ਸਪੱਸ਼ਟਤਾ ਨਾਲ ਪਛਾਣ ਸਕੋਗੇ,
- ਬੋਲਣ ਦੀ ਪ੍ਰਕਿਰਿਆ ਵਿੱਚ ਸਟੀਕਤਾ ਅਤੇ ਰਵਾਨੀ ਦਾ ਮਹੱਤਵ ਨਿਰਧਾਰਤ ਕਰ ਸਕੋਗੇ।

## 4.2 ਸੁਣਨਾ ਅਤੇ ਬੋਲਣਾ

ਪਹਿਲੀ ਵਾਰ ਸਕੂਲ ਜਾਣ ਵਾਲੇ ਬੱਚਿਆਂ ਨੂੰ ਸ਼ੁਰੂਆਤੀ 2-3 ਮਹੀਨੇ ਤੱਕ ਸੁਣਨ-ਬੋਲਣ ਦਾ ਬਹੁਤ ਅਭਿਆਸ ਕਰਾਇਆ ਜਾਂਦਾ ਹੈ। ਉਹ ਇਸ ਰੂਪ ਵਿੱਚ ਹੁੰਦਾ ਹੈ ਕਿ ਅਧਿਆਪਕ ਬੱਚਿਆਂ ਨੂੰ ਕਵਿਤਾਵਾਂ, ਗੀਤ, ਗਿਣਤੀ, ਵਰਣਮਾਲਾ ਆਦਿ ਬੋਲਕੇ ਸੁਣਾਉਂਦੇ ਹਨ ਅਤੇ ਬੱਚੇ ਉਸ ਨੂੰ ਮੁੜ ਦੁਹਰਾਉਂਦੇ ਹਨ, ਅਧਿਆਪਕ ਦੀ ਉਨ੍ਹਾਂ ਤੋਂ ਉਮੀਦ ਰਹਿੰਦੀ ਹੈ ਕਿ ਉਹ ਰੱਟ ਕੇ ਯਾਦ ਕਰ ਸਕਣ। ਚਾਹੇ ਉਹ ਉਸ ਦਾ ਮਤਲਬ ਨਾ ਸਮਝ ਰਹੇ ਹੋਣ ਤਾਂ ਵੀ ਉਨ੍ਹਾਂ ਨੂੰ ਉਸ ਨੂੰ ਉਦੋਂ ਤੱਕ ਲਗਾਤਾਰ ਦੁਹਰਾਉਂਦੇ ਰਹਿਣਾ ਹੁੰਦਾ ਹੈ ਕਿ ਜਦੋਂ ਤੱਕ ਕਿ ਉਹ ਉਸ ਨੂੰ ਪੂਰੀ ਤਰ੍ਹਾਂ ਨਾਲ ਰੱਟ ਨਾ ਲੈਣ। ਅਜਿਹਾ ਕਰਨ ਦੇ ਪਿੱਛੇ ਅਧਿਆਪਕਾਂ ਦੀ ਸੋਚ ਇਹ ਰਹਿੰਦੀ ਹੈ ਕਿ ਬਾਰ ਬਾਰ ਇੱਕ ਹੀ ਧੁਨੀ ਸੁਣਨ ਅਤੇ ਬੋਲਣ ਨਾਲ ਬੱਚੇ ਉਸ ਨੂੰ ਸਿੱਖ ਜਾਂਦੇ ਹਨ ਅਤੇ ਉਨ੍ਹਾਂ ਨੂੰ ਯਾਦ ਹੋ ਜਾਂਦਾ ਹੈ। ਉਨ੍ਹਾਂ ਦਾ ਦ੍ਰਿੜ ਵਿਸ਼ਵਾਸ ਹੈ ਕਿ ਬੱਚਾ ਬਗੈਰ ਸੁਣੇ, ਨਵੇਂ ਵਾਕ ਅਤੇ ਸ਼ਬਦ ਬੋਲ ਹੀ ਨਹੀਂ ਸਕਦਾ। ਮਤਲਬ ਬੱਚਾ ਪਹਿਲਾਂ ਸੁਣਦਾ ਹੈ ਅਤੇ ਫਿਰ ਬੋਲਦਾ ਹੈ।

ਜਦੋਂ ਕਿ ਸੁਣਨਾ ਅਤੇ ਬੋਲਣ ਦੇ ਨਾਲ ਨਾਲ ਚੱਲਣ ਵਾਲੀਆਂ ਪ੍ਰਕਿਰਿਆਵਾਂ ਹਨ ਜਿਵੇਂ ਕਿ ਜਦੋਂ ਤੁਸੀਂ ਕੁਝ ਬੋਲ ਰਹੇ ਹੁੰਦੇ ਹੋ ਤਾਂ ਖੁਦ ਨੂੰ ਸੁਣ ਵੀ ਰਹੇ ਹੁੰਦੇ ਹੋ। ਕਦੇ ਕਦੇ ਅਜਿਹਾ ਵੀ ਹੁੰਦਾ ਹੈ ਕਿ ਅਸੀਂ ਬਿਨਾਂ ਬੋਲੇ ਕੇਵਲ ਸੁਣ ਰਹੇ ਹੁੰਦੇ ਹਾਂ, ਪਰ ਅਜਿਹਾ ਉਨ੍ਹਾਂ ਸਥਿਤੀਆਂ ਵਿੱਚ ਹੁੰਦਾ ਹੈ ਜਦੋਂ ਅਸੀਂ ਟੀਵੀ, ਰੇਡਿਓ ਆਦਿ ਤੋਂ ਸੂਚਨਾਵਾਂ ਗ੍ਰਹਿਣ ਕਰ ਰਹੇ ਹੁੰਦੇ ਹਾਂ। ਪਰ ਇਹ ਸੂਚਨਾਵਾਂ ਗ੍ਰਹਿਣ ਕਰਨਾ ਟੇਪ ਰਿਕਾਰਡਰ ਦੀ ਤਰ੍ਹਾਂ ਨਹੀਂ ਹੁੰਦਾ ਕਿ ਜੋ ਬੋਲ ਗਿਆ ਉਹ ਉਸ ਤਰ੍ਹਾਂ ਦਾ ਹੀ ਰਿਕਾਰਡ ਕਰ ਲਿਆ ਅਤੇ ਵਕਤ ਆਉਣ ’ਤੇ ਉਸ ਨੂੰ ਮੁੜ ਦੁਹਰਾ ਦਿੱਤਾ। ਸਾਡੇ ਸੁਣਨ ਬੋਲਣ ਦੀ ਪ੍ਰਕਿਰਿਆ ਇਸ ਤੋਂ ਭਿੰਨ ਹੈ। ਇਸ ਦਾ ਇੱਕ ਮਹੱਤਵਪੂਰਨ ਹਿੱਸਾ ਹੈ ‘ਸਮਝਣਾ’। ਬਿਨਾਂ ਕੋਈ ਗੱਲ ਸਮਝੇ ਅਸੀਂ ਕਿਸੇ ਸੰਵਾਦ ਨੂੰ ਅੱਗੇ ਨਹੀਂ ਵਧਾ ਸਕਦੇ ਹਾਂ। ਇੱਕ ਉਦਾਹਰਨ ਨਾਲ ਇਸ ਨੂੰ ਸਮਝਦੇ ਹਾਂ। ਜਦੋਂ ਅਸੀਂ ਟੈਲੀਫੋਨ ’ਤੇ ਗੱਲ ਕਰਦੇ ਹਾਂ ਤਾਂ ਸਾਹਮਣੇ ਵਾਲਾ ਜੋ ਕੁਝ ਬੋਲਦਾ ਹੈ, ਉਸ ਨੂੰ ਸਮਝ ਕੇ ਫਿਰ ਅਸੀਂ ਉਸ ਦੀ ਗੱਲ ਦਾ ਜਵਾਬ ਦਿੰਦੇ ਹਾਂ ਕਿਉਂਕਿ ਸਾਹਮਣੇ ਵਾਲੇ ਦੀ ਗੱਲ ਸਮਝੇ ਬਿਨਾਂ ਅਸੀਂ ਗੱਲਬਾਤ ਨੂੰ ਜਾਰੀ ਹੀ ਨਹੀਂ ਰੱਖ ਸਕਦੇ ਹਾਂ।

ਇਸ ਲਈ ਭਾਸ਼ਾ ਸਿੱਖਣ ਦੀ ਪ੍ਰਕਿਰਿਆ ਵਿੱਚ ਇਨ੍ਹਾਂ ਹੁਨਰਾਂ ਨੂੰ ਅਲੱਗ ਅਲੱਗ ਕਰਕੇ ਨਹੀਂ ਦੇਖਿਆ ਜਾ ਸਕਦਾ, ਇਹ ਪਰਸਪਰ ਨਿਰਭਰ ਹਨ ਅਤੇ ਇਸ ਵਿੱਚ ਵਿਚਾਰ ਅਤੇ ਸਮਝ ਦੀ ਪ੍ਰਕਿਰਿਆ ਇੱਕ ਦੂਜੇ ਨਾਲ ਜੁੜੀ ਹੋਈ ਹੈ।

**ਆਪਣੀ ਪ੍ਰਗਤੀ ਨੂੰ ਪਰਖੋ–1**

1. ਸੁਣਨ–ਬੋਲਣ ਦੀ ਪ੍ਰਕਿਰਿਆ ਦਾ ਮਹੱਤਵਪੂਰਨ ਹਿੱਸਾ ਕੀ ਹੈ ?

   (ੳ) ਸੁਣਨਾ (ਅ) ਬੋਲਣਾ

   (ੲ) ਸਮਝਣਾ (ਸ) ਸੂਚਨਾ ਗ੍ਰਹਿਣ ਕਰਨਾ

2. ਸੁਣਨ–ਬੋਲਣ ਦੀ ਪ੍ਰਕਿਰਿਆ ਅਤੇ ਸੂਚਨਾ ਗ੍ਰਹਿਣ ਕਰਨ ਵਿੱਚ ਕੀ ਅੰਤਰ ਹੈ ?

   ______________________________

   ______________________________

   ______________________________

3. ਆਮਤੌਰ ’ਤੇ ਸਕੂਲਾਂ ਵਿੱਚ ਸ਼ੁਰੂਆਤੀ ਪੱਧਰ ’ਤੇ ਬੱਚਿਆਂ ਨੂੰ ਸੁਣਨ–ਬੋਲਣ ਲਈ ਕਿਸ ਤਰ੍ਹਾਂ ਦੇ ਮੌਕੇ ਦਿੱਤੇ ਜਾਂਦੇ ਹਨ ? ਕੀ ਇਹ ਮੌਕੇ ਢੁਕਵੇਂ ਹੁੰਦੇ ਹਨ ? ਆਪਣੀ ਰਾਇ ਦਿਓ।

   ______________________________

   ______________________________

   ______________________________

4. ਤੁਹਾਡਾ ਦੋਸਤ ਅੱਜ ਆਕਾਸ਼ਵਾਣੀ ਦਾ ਸਮਾਚਾਰ ਪ੍ਰਭਾਤ ਨਹੀਂ ਸੁਣ ਸਕਿਆ। ਤੁਹਾਨੂੰ ਸਮਾਚਾਰ ਸੁਣਕੇ ਦੱਸਣ ਲਈ ਕਿਹਾ ਗਿਆ ਹੈ। ਤੁਸੀਂ ਉਸ ਨੂੰ ਕੀ ਕੀ ਦੱਸੋਗੇ ? ਇਸ ਲਈ ਤੁਹਾਨੂੰ ਕੀ ਕੀ ਕਰਨਾ ਪਏਗਾ ?

   ______________________________

——————————————————————————

——————————————————————————

## 4.2.1 ਸੁਣਨਾ ਕੀ ਹੈ ?

ਅਸੀਂ ਆਪਣੇ ਆਸਪਾਸ ਕਈ ਤਰ੍ਹਾਂ ਦੀਆਂ ਆਵਾਜ਼ਾਂ ਨੂੰ ਸੁਣਦੇ ਹਾਂ। ਉਨ੍ਹਾਂ ਵਿੱਚ ਇਨਸਾਨਾਂ, ਮਸ਼ੀਨਾਂ, ਜਾਨਵਰਾਂ ਆਦਿ ਦੀਆਂ ਆਵਾਜ਼ਾਂ ਸ਼ਾਮਲ ਹਨ, ਪਰ ਕੀ ਅਸੀਂ ਉਨ੍ਹਾਂ ਸਾਰੀਆਂ ਨੂੰ ਸਹੀ ਅਰਥਾਂ ਵਿੱਚ ਸੁਣ ਪਾਉਂਦੇ ਹਾਂ ? ਜਿਵੇਂ ਅਸੀਂ ਚੱਲਦੀ ਹੋਈ ਮਸ਼ੀਨ ਦੀ ਆਵਾਜ਼ (ਜੋ ਸਾਨੂੰ ਪਸੰਦ ਨਹੀਂ ਹੋ ਸਕਦੀ) ਸੁਣਦੇ ਹਾਂ ਜਾਂ ਪੰਛੀ ਦੀ ਆਵਾਜ਼ (ਜੋ ਸਾਨੂੰ ਚੰਗੀ ਲੱਗ ਸਕਦੀ ਹੈ) ਪਰ ਕੀ ਇਸ ਤਰ੍ਹਾਂ ਨਾਲ ਸੁਣਨ ਦਾ ਕੋਈ ਅਰਥ ਹੈ ?

ਸੁਣਨਾ ਕਾਫ਼ੀ ਅਲੱਗ ਤਰ੍ਹਾਂ ਦੀ ਪ੍ਰਕਿਰਿਆ ਹੈ। ਗੱਲਬਾਤ ਕਰਦੇ ਸਮੇਂ ਸੁਣਨ ਵਾਲੇ ਨੂੰ ਉਸ ਦਾ ਅਰਥ ਉਸੀ ਸਮੇਂ ਸਮਝਣਾ ਹੁੰਦਾ ਹੈ। ਜਦੋਂ ਅਸੀਂ ਕਿਸੇ ਸੰਵਾਦ ਨੂੰ ਸੁਣਦੇ ਹਾਂ ਤਾਂ ਉਸ ਦੇ ਅਰਥ ਨੂੰ ਅਸੀਂ ਹਮੇਸ਼ਾ ਇੱਕ ਹੀ ਤਰੀਕੇ ਨਾਲ ਨਹੀਂ ਸਮਝ ਰਹੇ ਹੁੰਦੇ ਹਾਂ।ਅਸੀਂ ਅਰਥ ਨੂੰ ਦੋ ਤਰ੍ਹਾਂ ਨਾਲ ਸਮਝਦੇ ਹਾਂ।

ਪਹਿਲਾ, ਸ਼ਬਦਾਂ ਦੇ ਆਧਾਰ 'ਤੇ ਸੰਵਾਦ ਨੂੰ ਸਮਝਣਾ। ਇਹ ਪ੍ਰਕਿਰਿਆ ਡਿਕੋਡਿੰਗ ਦੇ ਰੂਪ ਵਿੱਚ ਹੁੰਦੀ ਹੈ ਜਿਸ ਵਿੱਚ ਕੇਵਲ ਸੁਣੀਆਂ ਜਾਣ ਵਾਲੀਆਂ ਆਵਾਜ਼ਾਂ, ਸ਼ਬਦਾਂ, ਉਪ ਵਾਕਾਂ, ਵਾਕਾਂ ਅਤੇ ਪਾਠ ਦੇ ਆਧਾਰ 'ਤੇ ਹੀ ਅਰਥ ਨੂੰ ਸਮਝਿਆ ਜਾਂਦਾ ਹੈ। ਸੁਣਨ ਵਾਲੇ ਨੂੰ ਵਾਕ ਵਿੱਚ ਉਪਯੋਗ ਹੋਣ ਵਾਲੇ ਸ਼ਬਦ ਦਾ ਅਰਥ ਅਤੇ ਵਾਕ ਵਿੱਚ ਸ਼ਬਦਾਂ ਦੇ ਇੱਕ ਵਿਸ਼ੇਸ਼ ਕ੍ਰਮ (ਪੈਟਰਨ) ਦਾ ਪਤਾ ਹੋਣਾ ਚਾਹੀਦਾ ਹੈ। ਅਸੀਂ ਇਸ ਨੂੰ ਇੱਕ ਉਦਾਹਰਨ ਰਾਹੀਂ ਸਮਝ ਸਕਦੇ ਹਾਂ ਜਿਵੇਂ ਜੇਕਰ ਕੋਈ ਦੋਸਤ ਸਾਨੂੰ ਸ਼ਾਮ ਨੂੰ ਖਾਣੇ ਲਈ ਆਪਣੇ ਘਰ 'ਤੇ ਬੁਲਾਉਂਦਾ ਹੈ ਅਤੇ ਅੱਜ ਤੋਂ ਪਹਿਲਾਂ ਅਸੀਂ ਕਦੇ ਉਸ ਦਾ ਘਰ ਨਹੀਂ ਦੇਖਿਆ ਅਤੇ ਦੋਸਤ ਨੂੰ ਫੋਨ ਕਰਕੇ ਪਤਾ ਪੁੱਛਣ 'ਤੇ ਇਹ ਦੱਸਿਆ ਹੈ ਕਿ–

'ਸਿਟੀ ਸੈਂਟਰ ਤੋਂ ਸੱਜੇ ਦੀ ਤੀਜੀ ਗਲੀ ਵਿੱਚ ਮੁੜ ਕੇ ਸਿੱਧੇ ਚੱਲੋ ਅਤੇ ਫਿਰ ਖੱਬੀ ਤਰਫ਼ ਬਾਵਰਚੀ ਹੋਟਲ ਵਾਲੀ ਗਲੀ ਵਿੱਚ ਤੀਜਾ ਮਕਾਨ ਮੇਰਾ ਹੈ।"

ਤਾਂ ਇਸ ਦਾ ਮਕਾਨ ਲੱਭਦੇ ਹੋਏ ਅਸੀਂ ਸ਼ਬਦਾਂ: ਉਸਦੇ ਸੰਵਾਦ ਨੂੰ ਧਿਆਨ ਵਿੱਚ ਰੱਖਦੇ ਹੋਏ ਅੱਗੇ ਵਧਦੇ ਹਾਂ ਅਤੇ ਉਸਦੇ ਹਰ ਨਿਰਦੇਸ਼ ਦਾ ਪਾਲਣ ਕਰਦੇ ਹੋਏ ਉਸ ਦੇ ਘਰ ਤੱਕ ਪਹੁੰਚ ਜਾਂਦੇ ਹਾਂ।

ਇਸ ਪ੍ਰਕਿਰਿਆ ਵਿੱਚ ਸਾਡਾ ਪੂਰਾ ਧਿਆਨ ਉਸ ਦੇ ਸੰਵਾਦ 'ਤੇ ਹੁੰਦਾ ਹੈ ਅਤੇ ਸਾਡਾ ਅਨੁਭਵ ਸਾਨੂੰ ਦੱਸਦਾ ਹੈ ਕਿ ਸਾਨੂੰ ਇਸ ਦੇ ਕ੍ਰਮ ਨੂੰ ਨਹੀਂ ਤੋੜਨਾ। ਇਸ ਵਿੱਚ ਆਵਾਜ਼ ਨੂੰ ਛੋਟੇ ਛੋਟੇ ਟੁਕੜਿਆਂ ਵਿੱਚ ਵੰਡ ਕੇ ( ਜਿਵੇਂ ਸਿਟੀਸੈਂਟਰ ਤੋਂ ਸੱਜੇ ਤੀਜੀ ਗਲੀ, ਸਿੱਧਾ ਚੱਲਣਾ, ਖੱਬੀ ਤਰਫ਼, ਬਾਵਰਚੀ ਹੋਟਲ ਵਾਲੀ ਗਲੀ, ਤੀਜਾ ਮਕਾਨ) ਉਨ੍ਹਾਂ ਦੀ ਡਿਕੋਡਿੰਗ ਕਰਦੇ ਹਾਂ ਅਤੇ ਸੰਵਾਦ ਨੂੰ ਸਮਝਦੇ ਹਾਂ। ਇੱਥੇ ਪੂਰੇ ਸੰਵਾਦ ਵਿੱਚ ਮਹੱਤਵ ਦੇ ਸ਼ਬਦਾਂ ਨੂੰ ਪਛਾਣਨਾ ਅਤੇ ਉਨ੍ਹਾਂ ਦੇ ਟੁਕੜੇ ਕਰਨ ਦੀ ਯੋਗਤਾ ਮਹੱਤਵਪੂਰਨ ਹੈ ਜੋ ਨਿਰੰਤਰ ਅਭਿਆਸ ਨਾਲ ਆਉਂਦੀ ਹੈ।

ਇਸ ਪ੍ਰਕਾਰ ਅਸੀਂ ਸ਼ਬਦਾਂ ਰਾਹੀਂ ਅਰਥ ਸਮਝਦੇ ਹਾਂ। ਕਥਨ ਨੂੰ ਇਸ ਤਰੀਕੇ ਨਾਲ ਸਮਝਣ ਲਈ ਸਰੋਤਾ ਨੂੰ ਵਧੀਆ ਸ਼ਬਦਾਵਲੀ ਅਤੇ ਵਾਕ ਸੰਰਚਨਾ ਦਾ ਚੰਗਾ ਖਾਸਾ ਅਭਿਆਸ ਹੋਣਾ ਚਾਹੀਦਾ ਹੈ। ਇਸ ਪ੍ਰਕਿਰਿਆ ਦਾ ਨਿਰੰਤਰ ਅਭਿਆਸ, ਨਿਮਨ ਸਮਰੱਥਾਵਾਂ ਪਾਉਣ ਵਿੱਚ ਮਦਦ ਕਰਦਾ ਹੈ।

- ਕਹੇ ਗਏ ਕਥਨ ਨੂੰ ਸਾਵਧਾਨੀ ਨਾਲ ਸੁਣਨਾ।
- ਸ਼ਬਦ ਅਤੇ ਵਾਕ ਵੰਡ ਨੂੰ ਪਛਾਣਨਾ।
- ਮੂਲ ਸ਼ਬਦਾਂ ਨੂੰ ਪਛਾਣਨਾ।
- ਵਾਕ ਅਤੇ ਮੂਲ ਸ਼ਬਦਾਂ ਦੇ ਵਿਆਕਰਨਣਿਕ ਸਬੰਧਾਂ ਨੂੰ ਪਛਾਣਨਾ।
- ਸ਼ਬਦ ਅਤੇ ਵਾਕ ਲਈ ਸ਼ਬਦ 'ਤੇ ਜ਼ੋਰ ਅਤੇ ਵਿਰਾਮ ਦਾ ਪ੍ਰਯੋਗ ਕਰਨਾ

ਦੂਜਾ, ਪੂਰਵ ਗਿਆਨ ਦੇ ਆਧਾਰ 'ਤੇ ਕਥਨ ਨੂੰ ਸਮਝਣਾ। ਜਿੱਥੇ ਸ਼ਬਦ ਦੇ ਆਧਾਰ 'ਤੇ ਅਰਥ ਗ੍ਰਹਿਣ ਦੀ ਪ੍ਰਕਿਰਿਆ ਸ਼ਬਦ ਨਾਲ ਅਰਥ ਦੀ ਤਰਫ਼ ਜਾਂਦੀ ਹੈ ਉੱਥੇ ਪੂਰਵ ਗਿਆਨ ਨਾਲ ਅਰਥ ਗ੍ਰਹਿਣ ਦੀ ਪ੍ਰਕਿਰਿਆ ਅਰਥ ਨਾਲ ਸੰਰਚਨਾ ਦੀ ਤਰਫ਼ ਜਾਂਦੀ ਹੈ। ਇਸ ਲਈ ਪੂਰਵ ਗਿਆਨ ਦੀ ਜ਼ਰੂਰਤ ਹੈ, ਚਾਹੇ ਉਹ ਪੂਰਵ ਗਿਆਨ ਕਿਸੇ ਸੰਵਾਦ ਜਾਂ ਮੁੱਦੇ ਨਾਲ ਸਬੰਧਿਤ ਹੋਵੇ, ਪਰਿਸਥਿਤੀ ਹੋਵੇ, ਸੰਦਰਭ ਦਾ ਹੋਵੇ ਜਾਂ ਕਿਸੇ ਘਟਨਾਵਾਂ ਨਾਲ ਸਬੰਧ ਦੇ ਰੂਪ ਵਿੱਚ ਹੋਵੇ। ਉਦਾਹਰਨ ਲਈ–

ਮੈਂ ਖ਼ਬਰਾਂ ਵਿੱਚ ਸੁਣਿਆ ਕਿ 'ਕੱਲ੍ਹ ਰਾਤ ਚੀਨ ਵਿੱਚ ਭਿਆਨਕ ਭੂਚਾਲ ਆਇਆ।'

'ਭੂਚਾਲ' ਸ਼ਬਦ ਨੂੰ ਪਛਾਣਦੇ ਹੋਏ ਸਾਡੇ ਦਿਮਾਗ ਵਿੱਚ ਕੁਝ ਪ੍ਰਸ਼ਨਾਂ ਅਤੇ ਉੱਤਰਾਂ ਦੇ ਸੈੱਟ ਬਣਦੇ ਹਨ, ਜਿਵੇਂ–

- ਇਸਦੀ ਕਿੰਨੀ ਤੀਬਰਤਾ ਸੀ ?
- ਕਿੰਨੇ ਲੋਕ ਮਰੇ ਜਾਂ ਜ਼ਖ਼ਮੀ ਹੋਏ ?
- ਇਸਨੇ ਸੰਪਤੀ ਦਾ ਕਿਸ ਤਰ੍ਹਾਂ ਦਾ ਨੁਕਸਾਨ ਕੀਤਾ ?
- ਕੀ ਕੀ ਰਾਹਤ ਕਾਰਜ ਚੱਲ ਰਹੇ ਹਨ ?

ਇਹ ਸਾਰੇ ਪ੍ਰਸ਼ਨ ਸਾਨੂੰ ਉਸ ਕਥਨ ਨੂੰ ਸਮਝਣ ਦੀ ਤਰਫ਼ ਲੈ ਜਾਂਦੇ ਹਨ। ਇਸ ਪ੍ਰਕਿਰਿਆ ਵਿੱਚ ਘੱਟ ਤੋਂ ਘੱਟ ਸੂਚਨਾ ਰਾਹੀਂ ਅਰਥ ਗ੍ਰਹਿਣ ਹੁੰਦਾ ਹੈ, ਨਾਲ ਹੀ ਇਸ ਵਿੱਚ ਪੂਰਵ ਗਿਆਨ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਜਿਵੇਂ–ਇਸ ਕਥਨ ਵਿੱਚ ਘੱਟ ਤੋਂ ਘੱਟ ਸੂਚਨਾ, 'ਕੱਲ੍ਹ ਰਾਤ ਚੀਨ ਵਿੱਚ ਭਿਆਨਕ ਭੂਚਾਲ ਆਇਆ'' ਹੈ ਅਤੇ ਇਸ ਵਿੱਚ ਪੂਰਵ ਗਿਆਨ ਇਹ ਹੋ ਸਕਦਾ ਹੈ ਕਿ ਅਸੀਂ ਪਹਿਲਾਂ ਵੀ ਭੂਚਾਲ ਦੇ ਬਾਰੇ ਵਿੱਚ ਦੇਖਿਆ, ਸੁਣਿਆ ਅਤੇ ਪੜ੍ਹਿਆ ਹੋਵੇ, ਜਿਸ ਵਿੱਚ ਉਹ ਸਾਰੀਆਂ ਸੂਚਨਾਵਾਂ ਸ਼ਾਮਲ ਹੋਣ ਜਿਨ੍ਹਾਂ ਨੂੰ ਇੱਥੇ ਪ੍ਰਸ਼ਨਾਂ ਦੇ ਰੂਪ ਵਿੱਚ ਚੁੱਕਿਆ ਗਿਆ ਹੈ। ਜੇਕਰ ਸਰੋਤਾ ਇਸ ਪ੍ਰਕਿਰਿਆ ਨਾਲ ਅਰਥ ਗ੍ਰਹਿਣ ਕਰਨ ਵਿੱਚ ਅਸਮਰੱਥ ਹਨ ਤਾਂ ਇਸ ਦਾ ਅਰਥ ਹੈ ਕਿ ਇੱਥੇ ਤਾਂ ਇਹ ਸੰਵਾਦ ਅਧੂਰਾ ਹੈ ਜਾਂ ਫਿਰ ਉੱਥੇ ਉਸਦਾ ਪੂਰਵ ਗਿਆਨ ਸੀਮਿਤ ਹੈ। ਇਸ ਪ੍ਰਕਿਰਿਆ ਦੇ ਅਭਿਆਸ ਵਿੱਚ ਨਿਮਨ ਸਮਰੱਥਾਵਾਂ ਹਾਸਲ ਕਰਨ ਵਿੱਚ ਮਦਦ ਮਿਲਦੀ ਹੈ–

- ਮੂਲ ਸ਼ਬਦਾਂ ਦੇ ਆਧਾਰ 'ਤੇ ਸੰਵਾਦ ਦੀ ਸਮਝ ਬਣਾਉਣਾ।
- ਸਿਰਲੇਖ ਜਾਂ ਸਥਿਤੀ ਨਾਲ ਸਬੰਧਿਤ ਪ੍ਰਸ਼ਨ ਪੁੱਛ ਸਕਣਾ।
- ਕਾਰਨ ਅਤੇ ਪ੍ਰਭਾਵ ਦਾ ਅਨੁਮਾਨ ਲਗਾਉਣਾ।

- ਕਿਸੇ ਪਰਿਸਥਿਤੀ ਦੇ ਅਣਕਹੇ ਵਿਵਰਣ ਦਾ ਅਨੁਮਾਨ ਲਗਾਉਣਾ।

ਸੁਣਨ ਸੁਣਾਉਣ ਦੌਰਾਨ ਇਹ ਦੋਨੋਂ ਪ੍ਰਕਿਰਿਆਵਾਂ ਨਾਲ ਨਾਲ ਚੱਲਦੀਆਂ ਹਨ। ਦੋਨੋਂ ਹੀ ਪ੍ਰਕਿਰਿਆਵਾਂ ਵਿੱਚ ਸੰਵਾਦ ਨੂੰ ਸਮਝਣ ਲਈ ਸੰਦਰਭ ਸਮਾਨ ਮਹੱਤਵ ਰੱਖਦਾ ਹੈ। ਕਿਹੜੀਆਂ ਪਰਿਸਥਿਤੀਆਂ ਵਿੱਚ ਕਿਹੜੀ ਪ੍ਰਕਿਰਿਆ ਜ਼ਿਆਦਾ ਢੁਕਵੀਂ ਹੋਏਗੀ, ਇਸ ਦਾ ਮਹੱਤਵ ਸੁਣਨ ਵਾਲੇ ਦਾ ਸਿਰਲੇਖ ਅਤੇ ਸੰਵਾਦ ਨਾਲ ਜਾਣ ਪਛਾਣ, ਦਿੱਤੀ ਗਈ ਸੂਚਨਾ ਦੀ ਗਹਿਰਾਈ, ਸੂਚਨਾ ਦਾ ਪ੍ਰਕਾਰ ਅਤੇ ਸੁਣਨ ਵਾਲੇ ਦੇ ਉਦੇਸ਼ 'ਤੇ ਨਿਰਭਰ ਕਰਦਾ ਹੈ।

**ਆਪਣੀ ਪ੍ਰਗਤੀ ਨੂੰ ਪਰਖੋ-2**

1. ਅਸੀਂ ਸੁਣਨ ਵੇਲੇ ਅਰਥ ਨੂੰ ਕਿੰਨੇ ਢੰਗਾਂ ਨਾਲ ਸਮਝਦੇ ਹਾਂ ?

   (ੳ) ਇੱਕ (ੲ) ਦੋ

   (ਅ) ਤਿੰਨ (ਸ) ਚਾਰ

2. ਸ਼ਬਦਾਂ ਦੇ ਆਧਾਰ 'ਤੇ ਸਮਝਣ ਦੀ ਪ੍ਰਕਿਰਿਆ ਵਿੱਚ ਸੰਵਾਦ ਨੂੰ ਕਿਸ ਤਰ੍ਹਾਂ ਨਾਲ ਸਮਝਿਆ ਜਾਂਦਾ ਹੈ ? ਉਦਾਹਰਨ ਦੇ ਕੇ ਵਿਸ਼ਲੇਸ਼ਣ ਕਰੋ।

   ________________________________

   ________________________________

   ________________________________

3. 'ਸ਼ਬਦਾਂ ਦੇ ਆਧਾਰ 'ਤੇ' ਅਤੇ 'ਪੂਰਵਗਿਆਨ ਦੇ ਆਧਾਰ 'ਤੇ' ਅਰਥ ਗ੍ਰਹਿਣ ਦੀਆਂ ਪ੍ਰਕਿਰਿਆਵਾਂ ਵਿੱਚ ਕੀ ਫਰਕ ਹੈ ?

   ________________________________

   ________________________________

   ________________________________

4. ਰਵੀ ਨੇ ਕਿਹਾ ਕਿ "ਮੈਂ ਦੰਦਾਂ ਦੇ ਡਾਕਟਰ ਦੇ ਕੋਲ ਜਾ ਰਿਹਾ ਹਾਂ।" ਇਸ ਕਥਨ ਨੂੰ ਸੁਣ ਕੇ ਸਾਡੇ ਦਿਮਾਗ ਵਿੱਚ ਕਿਹੜੇ ਕਿਹੜੇ ਪ੍ਰਸ਼ਨਾਂ ਅਤੇ ਉੱਤਰਾਂ ਦੇ ਸੈੱਟ ਬਣਨਗੇ ?

   ________________________________

   ________________________________

   ________________________________

## 4.2.2 ਬੋਲਣਾ ਕੀ ਹੈ ?

ਬੋਲਣ ਤੋਂ ਭਾਵ ਸਿਰਫ਼ ਆਵਾਜ਼ਾਂ, ਸ਼ਬਦਾਂ ਜਾਂ ਵਾਕਾਂ ਦਾ ਉਚਾਰਣ ਮਾਤਰ ਨਹੀਂ ਹੈ। ਜੀਨ ਐਚੀਸਨ ਨੇ ਆਪਣੀ ਪੁਸਤਕ 'ਦਿ ਆਰਟੀਕੁਲੇਟ ਮੈਮਲਜ਼' ਵਿੱਚ ਇਨਸਾਨਾਂ ਦੀ ਭਾਸ਼ਾਈ ਸਮਝ ਦੇ ਬਾਰੇ ਵਿੱਚ ਕਾਫ਼ੀ ਵਿਸਥਾਰ ਨਾਲ ਗੱਲ ਕੀਤੀ ਹੈ। ਉਸ ਅਨੁਸਾਰ ਬੋਲਦੇ ਸਮੇਂ ਅਸੀਂ ਕਈ ਤਰ੍ਹਾਂ ਦੀਆਂ ਪ੍ਰਕਿਰਿਆਵਾਂ ਇਕੱਠੀਆਂ ਕਰ ਰਹੇ ਹੁੰਦੇ ਹਾਂ। ਜਿਵੇਂ ਬੋਲਣ ਤੋਂ ਪਹਿਲਾਂ ਅਸੀਂ ਆਪਣੇ ਦਿਮਾਗ ਵਿੱਚ ਇਹ ਯੋਜਨਾ ਬਣਾਉਂਦੇ ਹੋਏ ਚੱਲਦੇ ਹਾਂ ਕਿ ਕੀ ਗੱਲ ਕੀਤੀ ਜਾਏ ਕਿ ਸੁਣਨ ਵਾਲਾ ਸਾਡੀ ਕਹੀ ਗਈ ਗੱਲ ਨੂੰ ਸਹੀ ਅਰਥਾਂ ਵਿੱਚ ਸਮਝ ਸਕੇ। ਨਾਲ ਹੀ ਬੋਲਦੇ ਸਮੇਂ ਅਸੀਂ ਇਹ ਵੀ ਪਹਿਲਾਂ ਤੈਅ ਕਰ ਲੈਂਦੇ ਹਾਂ ਕਿ ਕਿਸ ਦੇ ਸਾਹਮਣੇ ਸਾਨੂੰ ਕੀ ਕਹਿਣਾ ਹੈ ਜਾਂ ਇੱਕ ਹੀ ਗੱਲ ਜੋ ਅਸੀਂ ਆਪਣੇ ਦੋਸਤ ਨੂੰ ਕਹਾਂਗੇ ਅਤੇ ਉਹ ਗੱਲ ਜੇਕਰ ਅਸੀਂ ਆਪਣੇ ਦਾਦਾ ਜੀ ਨੂੰ ਕਹਾਂਗੇ ਤਾਂ ਸਾਡੇ ਬੋਲਣ ਦੇ ਤਰੀਕੇ ਵਿੱਚ ਅਤੇ ਸ਼ਬਦਾਂ ਦੀ ਚੋਣ ਵਿੱਚ ਕੀ ਫਰਕ ਹੋਏਗਾ। ਜਿਵੇਂ ਦਾਦਾ ਜੀ ਨਾਲ ਗੱਲ ਕਰਦੇ ਸਮੇਂ ਤੁਸੀਂ ਆਦਰ ਸੂਚਕ ਸ਼ਬਦਾਂ ਦਾ ਪ੍ਰਯੋਗ ਕਰੋਗੇ। ਦੋਨੋਂ ਹੀ ਤਰ੍ਹਾਂ ਦੀ ਸਥਿਤੀ ਵਿੱਚ ਤੁਸੀਂ ਬੋਲਣ ਤੋਂ ਪਹਿਲਾਂ ਹੀ ਆਪਣੇ ਦਿਮਾਗ ਵਿੱਚ ਇਹ ਤੈਅ ਕਰ ਲੈਂਦੇ ਹੋ ਕਿ ਤੁਸੀਂ ਕੀ ਕਹਿਣਾ ਹੈ, ਸਾਰੀ ਯੋਜਨਾ ਪਹਿਲਾਂ ਦਿਮਾਗ ਵਿੱਚ ਬਣ ਜਾਂਦੀ ਹੈ। ਅੱਗੇ ਕਿਹੜੇ ਸ਼ਬਦ ਬੋਲਣੇ ਹਨ ਅਤੇ ਸਾਡਾ ਵਾਕ (ਸ਼ਬਦ-ਵਾਕ-ਰਚਨਾ) ਕਿਸ ਪ੍ਰਕਾਰ ਦਾ ਹੋਏਗਾ, ਇਸ 'ਤੇ ਵਿਚਾਰ ਵੀ ਕਰ ਰਹੇ ਹੁੰਦੇ ਹਾਂ। ਇਸ ਨੂੰ ਇੱਕ ਉਦਾਹਰਨ ਰਾਹੀਂ ਸਮਝਦੇ ਹਾਂ-

'ਮੈਂ ਅੱਜ ਘਰ ਦੇਰ ਨਾਲ ਆਵਾਂਗਾ।'

'ਮਾਂ ਨਾਰਾਜ਼ ਹੋਏਗੀ' ਅਤੇ

'ਮੈਨੂੰ ਘਰ ਤੋਂ ਬਾਹਰ ਰਹਿਣਾ ਪਏਗਾ'

ਇਨ੍ਹਾਂ ਤਿੰਨਾਂ ਵਾਕਾਂ ਦੀ ਬਣਾਵਟ ਸਰਲ ਹੈ। ਜੇਕਰ ਇਨ੍ਹਾਂ ਵਾਕਾਂ ਨੂੰ ਇਸ ਤਰ੍ਹਾਂ ਨਾਲ ਬੋਲਿਆ ਜਾਏ ਤਾਂ ਠੀਕ ਨਾਲ ਸਮਝ ਵਿੱਚ ਆ ਰਹੇ ਹਨ ਅਤੇ ਇਨ੍ਹਾਂ ਨੂੰ ਬੋਲਣਾ ਵੀ ਆਸਾਨ ਹੈ, ਪਰ ਜੇਕਰ ਇਨ੍ਹਾਂ ਵਾਕਾਂ ਨੂੰ ਇੱਕ ਦੂਜੇ 'ਤੇ ਨਿਰਭਰ ਕਰ ਦੇਈਏ ਤਾਂ ਬੋਲਦੇ ਸਮੇਂ ਯੋਜਨਾ ਬਣਾਉਣ ਵਾਲੀ ਪ੍ਰਕਿਰਿਆ ਨੂੰ ਬਾਰੀਕੀ ਨਾਲ ਦੇਖ ਸਕਾਂਗੇ ਜਿਵੇਂ-

'ਜੇਕਰ ਮੈਂ ਅੱਜ ਵੀ ਘਰ ਦੇਰ ਨਾਲ ਗਿਆ ਤਾਂ ਮਾਂ ਨਾਰਾਜ਼ ਹੋ ਜਾਏਗੀ ਅਤੇ ਜਾਂ ਤਾਂ ਮੈਨੂੰ ਘਰ ਤੋਂ ਬਾਹਰ ਰਹਿਣਾ ਪਏਗਾ ਜਾਂ ਮੈਂ ਕਿਸੇ ਦੋਸਤ ਦੇ ਘਰ ਚਲਾ ਜਾਵਾਂਗਾ।'

ਉਪਰੋਕਤ ਵਾਕ ਵਿੱਚ 'ਤਾਂ' 'ਤੇ ਜ਼ੋਰ ਹੈ। ਇਸੀ ਤਰ੍ਹਾਂ 'ਜਾਂ' ਨਾਲ ਇੱਕ ਹੋਰ 'ਜਾਂ' ਦਾ ਆਉਣਾ ਵੀ ਜ਼ਰੂਰੀ ਹੈ। ਨਾਲ ਹੀ ਮਾਂ ਦੇ ਸੰਦਰਭ ਵਿੱਚ 'ਜਾਏਗੀ' ਅਤੇ ਆਪਣੇ ਸੰਦਰਭ ਵਿੱਚ 'ਜਾਵਾਂਗਾ' ਹੋਣਾ ਹੀ ਪਏਗਾ। ਸਪੱਸ਼ਟ ਇਹ ਪੂਰਾ ਵਾਕ ਇਸ ਦੀ ਹੂਬਹੂ ਆਵਾਜ਼ ਅਤੇ ਲੱਛਣਾਂ ਨਾਲ ਬੋਲਣ ਤੋਂ ਪਹਿਲਾਂ ਹੀ ਸਾਡੇ ਦਿਮਾਗ ਵਿੱਚ ਬਣ ਚੁੱਕਿਆ ਹੁੰਦਾ ਹੈ ਅਤੇ ਇਹ ਇੱਕ ਯੋਜਨਾਬੱਧ ਕ੍ਰਮ ਵਿੱਚ ਹੀ ਬਣਦਾ ਹੈ। (ਜੀਨ ਐਚੀਸਨ ਰਾਹੀਂ 'ਦਿ ਆਰਟੀਕੁਲੇਟ ਮੈਮਲਜ਼' ਦੇ ਅਨੁਵਾਦ 'ਤੇ ਆਧਾਰਿਤ)

ਇਸ ਉਦਾਹਰਨ ਤੋਂ ਸਪੱਸ਼ਟ ਹੁੰਦਾ ਹੈ ਕਿ ਸਾਨੂੰ ਗੱਲਬਾਤ ਕਰਦੇ ਸਮੇਂ ਯੋਜਨਾ ਬਣਾਉਂਦੇ ਰਹਿਣਾ ਅਤੇ ਬੋਲਦੇ ਰਹਿਣਾ ਜ਼ਰੂਰੀ ਹੈ। ਬੋਲਣ ਦੇ ਦੌਰਾਨ ਇਹ ਪ੍ਰਕਿਰਿਆਵਾਂ ਇੰਨੀਆਂ ਤੇਜ਼ ਹੋ ਜਾਂਦੀਆਂ ਹਨ ਕਿ ਸਾਨੂੰ ਇਨ੍ਹਾਂ ਦਾ ਅੰਦਾਜ਼ਾ ਤੱਕ ਨਹੀਂ ਹੁੰਦਾ। ਘਰੇਲੂ ਭਾਸ਼ਾ ਦੇ ਸੰਦਰਭ ਵਿੱਚ ਇਹ ਗੱਲ ਜ਼ਿਆਦਾ ਪ੍ਰਸੰਗਿਕ ਹੈ। ਜਦੋਂ ਕਿ ਦੂਜੀ ਭਾਸ਼ਾ ਸਿੱਖਣ ਦੌਰਾਨ ਇਹ ਪ੍ਰਕਿਰਿਆਵਾਂ ਕਾਫ਼ੀ ਨਜ਼ਦੀਕ ਤੋਂ ਦੇਖੀਆਂ ਜਾ ਸਕਦੀਆਂ ਹਨ।

ਬੋਲਣ ਵਿੱਚ ਵਿਚਾਰਾਂ ਅਤੇ ਭਾਵਾਂ ਦੇ ਅਨੁਕੂਲ ਸਹੀ ਸ਼ਬਦਾਂ ਦੀ ਚੋਣ ਅਤੇ ਸਹੀ ਵਿਆਕਰਣ ਸੰਰਚਨਾ ਦਾ ਹੋਣਾ ਬੇਹੱਦ ਮਹੱਤਵਪੂਰਨ ਹੈ। ਵਿਆਕਰਨ ਸੰਰਚਨਾ ਤੋਂ ਮਤਲਬ ਹੈ ਕਿ ਹਿੰਦੀ ਭਾਸ਼ਾ ਵਿੱਚ ਵਾਕ ਦੀ ਰਚਨਾ ਕਰਤਾ+ਕਰਮ+ਕਿਰਿਆ ਨਾਲ ਹੁੰਦੀ ਹੈ, ਬੋਲਣ ਤੋਂ ਪਹਿਲਾਂ ਸਾਡੇ ਦਿਮਾਗ ਵਿੱਚ ਯੋਜਨਾ ਬਣਾਉਂਦੇ ਸਮੇਂ ਇਹ ਸੰਰਚਨਾ ਸਹੀ ਬਣਦੀ ਹੈ, ਇਸ ਵਿੱਚ ਕਿਧਰੇ ਕੋਈ ਗੜਬੜ ਨਹੀਂ ਹੁੰਦੀ ਹੈ।

ਇਸ ਪੂਰੀ ਪ੍ਰਕਿਰਿਆ ਵਿੱਚ ਹਾਵ-ਭਾਵ ਅਤੇ ਵਿਚਾਰਾਂ ਦਾ ਵੀ ਮਹੱਤਵਪੂਰਨ ਯੋਗਦਾਨ ਹੁੰਦਾ ਹੈ। ਬੋਲਦੇ ਸਮੇਂ ਆਵਾਜ਼ ਦਾ ਉਤਰਾਅ-ਚੜ੍ਹਾਅ, ਵਿਰਾਮ ਅਤੇ ਲੈਅ ਵੀ ਅਰਥ ਬੋਧ ਵਿੱਚ ਮਹੱਤਵ ਰੱਖਦੀ ਹੈ। ਬੋਲਣ ਵਿੱਚ ਵਿਰਾਮ ਦੀ ਕੀ ਭੂਮਿਕਾ ਹੈ, ਇਸ ਨੂੰ ਅਸੀਂ ਇੱਕ ਉਦਾਹਰਨ ਰਾਹੀਂ ਸਮਝਣ ਦੀ ਕੋਸ਼ਿਸ਼ ਕਰਾਂਗੇ। ਜਿਵੇਂ-

'ਫੜੋ ਨਾ ਜਾਣ ਦਿਓ'

ਇਸ ਵਾਕ ਨੂੰ ਬੋਲਦੇ ਹੋਏ ਜੇਕਰ 'ਫੜੋ' ਦੇ ਬਾਅਦ ਇੱਕ ਪਲ ਦਾ ਵਿਰਾਮ ਦਿੱਤਾ ਜਾਵੇ ਤਾਂ ਇਸ ਦਾ ਅਰਥ ਹੁੰਦਾ ਹੈ ਕਿ ਕਿਧਰੇ ਜਾਣ ਦੀ ਮਨਾਹੀ ਦਾ ਆਦੇਸ਼ ਦਿੱਤਾ ਜਾ ਰਿਹਾ ਹੈ, ਪਰ ਜੇਕਰ ਇਹੀ ਵਿਰਾਮ 'ਫੜੋ ਨਾ' ਤੋਂ ਬਾਅਦ ਦਿੱਤਾ ਜਾਵੇ ਤਾਂ ਵਾਕ ਦਾ ਜੋ ਅਰਥ ਨਿਕਲਦਾ ਹੈ, ਉਹ ਪਹਿਲਾਂ ਵਾਲੇ ਅਰਥ ਤੋਂ ਇੱਕਦਮ ਉਲਟ ਹੁੰਦਾ ਹੈ। ਇਸ ਲਈ ਬੋਲਦੇ ਸਮੇਂ ਵਿਰਾਮ ਕਿੱਥੇ ਦਿੱਤਾ ਜਾਵੇ, ਇਸ ਦੀ ਸਮਝ ਹੋਣੀ ਜ਼ਰੂਰੀ ਹੈ ਅਤੇ ਇਹ ਸਮਝ ਨਿਰੰਤਰ ਅਭਿਆਸ ਨਾਲ ਹੀ ਵਿਕਸਤ ਹੁੰਦੀ ਹੈ। ਇਸੀ ਦੇ ਨਾਲ ਬੋਲਦੇ ਸਮੇਂ ਕਿਸੇ ਸ਼ਬਦ 'ਤੇ ਜ਼ੋਰ ਦੇਣਾ ਜਾਂ ਅਲੱਗ ਲੈਅ ਨਾਲ ਬੋਲਣਾ ਵੀ ਵਾਕ ਦੇ ਅਰਥ ਨੂੰ ਪ੍ਰਭਾਵਿਤ ਕਰਦਾ ਹੈ ਜਿਵੇਂ-

'ਇਹ ਸਕੂਲ ਹੈ।'

ਇਸ ਵਾਕ ਨੂੰ ਬੋਲਦੇ ਸਮੇਂ ਜੇਕਰ ਅਸੀਂ ਅਲੱਗ ਅਲੱਗ ਸ਼ਬਦਾਂ 'ਤੇ ਜ਼ੋਰ ਦਿੱਤਾ ਜਾਂ ਫਿਰ ਅਲੱਗ ਲੈਅ ਨਾਲ ਬੋਲੇ ਤਾਂ ਇਸ ਵਾਕ ਦਾ ਅਰਥ ਬਦਲ ਜਾਂਦਾ ਹੈ। ਇਹ ਵਾਕ ਲੈਅ ਬਦਲਦੇ ਹੀ ਵਿਅੰਗਾਤਮਕ, ਪ੍ਰਸ਼ਨਾਤਮਕ ਜਾਂ ਤਾਹਨਾ ਦੇਣ ਵਾਲੇ ਵਾਕ ਦਾ ਅਰਥ ਦੇ ਸਕਦਾ ਹੈ। ਇਸੀ ਦੇ ਨਾਲ ਬੋਲਦੇ ਸਮੇਂ ਗੈਰ ਮੌਖਿਕ ਸੰਕੇਤਾਂ ਜਿਵੇਂ ਇਸ਼ਾਰੇ ਅਤੇ ਹਾਵ ਭਾਵ ਦਾ ਪ੍ਰਯੋਗ ਵੀ ਅਰਥ ਨੂੰ ਪ੍ਰਭਾਵਿਤ ਕਰਦਾ ਹੈ।

**ਆਪਣੀ ਪ੍ਰਗਤੀ ਨੂੰ ਪਰਖੋ-3**

1. ਹਿੰਦੀ ਭਾਸ਼ਾ ਵਿੱਚ ਵਾਕਾਂ ਦੀ ਸੰਰਚਨਾ ਕਿਵੇਂ ਹੁੰਦੀ ਹੈ ?

   (ੳ) ਕਰਤਾ-ਕਿਰਿਆ-ਕਰਮ (ਅ) ਕਰਤਾ-ਕਰਮ-ਕਿਰਿਆ

   (ੲ) ਕਿਰਿਆ-ਕਰਮ-ਕਰਤਾ (ਸ) ਕੁਝ ਕਹਿ ਨਹੀਂ ਸਕਦੇ

2. ਆਪਣੇ ਆਸਪਾਸ ਦੇ 3-4 ਸਾਲ ਦੇ ਬੱਚਿਆਂ ਵੱਲੋਂ ਬੋਲੇ ਜਾਣ ਵਾਲੇ 10 ਵਾਕਾਂ ਨੂੰ ਲਿਖੋ ਅਤੇ ਵਿਸ਼ਲੇਸ਼ਣ ਕਰਕੇ ਲਿਖੋ ਕਿ ਭਾਸ਼ਾ ਦੇ ਨਿਯਮ ਦੀ ਦ੍ਰਿਸ਼ਟੀ ਨਾਲ ਉਹ ਬੱਚਾ ਕੀ ਕੀ ਜਾਣਦਾ ਹੈ।

   ________________________________

   ________________________________

   ________________________________

3. ਕਿਸੇ ਗੈਰ ਹਿੰਦੀ ਭਾਸ਼ੀ ਵਿਅਕਤੀ ਵੱਲੋਂ ਬੋਲੇ ਜਾਣ ਵਾਲੇ ਪੰਜ ਵਾਕਾਂ ਦੀ ਸੂਚੀ ਬਣਾਓ ਵਾਕਾਂ ਦਾ ਵਿਸ਼ਲੇਸ਼ਣ ਕਰਕੇ ਦੱਸੋ ਕਿ ਉਸ ਨੂੰ ਹਿੰਦੀ ਬੋਲਣ ਵਿੱਚ ਕਿੱਥੇ ਕਿੱਥੇ ਮੁਕਸ਼ਲਾਂ ਆ ਰਹੀਆਂ ਹਨ ?

## 4.3 ਕਲਾਸ ਵਿੱਚ ਗੱਲਬਾਤ ਦੀ ਲੋੜ

ਬੋਲਣਾ ਅਤੇ ਸੁਣਨਾ ਭਾਸ਼ਾ ਸਿੱਖਣ ਦਾ ਪਹਿਲਾ ਚਰਣ ਹੈ। ਇਹ ਗੱਲਬਾਤ ਦੇ ਰੂਪ ਵਿੱਚ ਸਿੱਧੇ ਸਿੱਧੇ ਦਿਖਾਈ ਦਿੰਦਾ ਹੈ ਕਿਉਂਕਿ ਗੱਲਬਾਤ ਦੇ ਦੌਰਾਨ ਸੁਣਨਾ ਅਤੇ ਬੋਲਣਾ ਦੋਨੋਂ ਪ੍ਰਕਿਰਿਆਵਾਂ ਇਕੱਠੀਆਂ ਚਲਦੀਆਂ ਹਨ।

ਕਲਾਸਾਂ ਵਿੱਚ ਇਹ ਅਕਸਰ ਦੇਖਿਆ ਜਾਂਦਾ ਹੈ ਕਿ ਅਧਿਆਪਕ ਬੋਲਦੇ ਹਨ ਅਤੇ ਬੱਚੇ ਸੁਣਦੇ ਹਨ ਜਾਂ ਫਿਰ ਅਧਿਆਪਕ ਕੁਝ ਪ੍ਰਸ਼ਨ ਕਰਦੇ ਹਨ ਅਤੇ ਬੱਚੇ ਕੇਵਲ ਉਨ੍ਹਾਂ ਦਾ ਉੱਤਰ ਦਿੰਦੇ ਹਨ। ਪਰ ਅਸੀਂ ਇਸ ਨੂੰ ਗੱਲਬਾਤ ਨਹੀਂ ਕਹਿ ਸਕਦੇ ਕਿਉਂਕਿ ਗੱਲਬਾਤ ਤਾਂ ਉਹ ਹੁੰਦੀ ਹੈ ਜਿਸ ਵਿੱਚ ਬੱਚੇ ਆਪਸ ਵਿੱਚ ਜਾਂ ਅਧਿਆਪਕ ਦੇ ਬਿਨਾਂ ਕਿਸੇ ਦਬਾਅ ਦੇ ਆਪਣੇ ਵਿਚਾਰਾਂ ਨੂੰ ਪ੍ਰਗਟ ਕਰ ਸਕਣ। ਅਧਿਆਪਕ ਸੋਚਦੇ ਹਨ ਕਿ ਗੱਲਬਾਤ ਕਰਨ ਨਾਲ ਕਲਾਸ ਦੀ ਸ਼ਾਂਤੀ ਭੰਗ ਹੁੰਦੀ ਹੈ ਅਤੇ ਸਿੱਖਣ ਵਿੱਚ ਪ੍ਰੇਸ਼ਾਨੀ ਆਉਂਦੀ ਹੈ। ਗੱਲਬਾਤ ਪ੍ਰਤੀ ਅਧਿਆਪਕਾਂ ਦੇ ਇਸ ਰਵੱਈਏ ਦੀ ਵਜ੍ਹਾ ਨਾਲ ਅੱਜ ਤੱਕ ਅਸੀਂ ਬੱਚਿਆਂ ਦੇ ਸਿੱਖਣ ਵਿੱਚ ਗੱਲਬਾਤ ਦੇ ਮਹੱਤਵ ਨੂੰ ਨਹੀਂ ਸਮਝ ਸਕੇ ਹਾਂ।

ਪ੍ਰਾਇਮਰੀ ਪੱਧਰ ’ਤੇ ਬੱਚੇ ਆਪਣੇ ਘਰ ਦੀ ਭਾਸ਼ਾ ਵਿੱਚ ਸਰਲਤਾ ਨਾਲ ਗੱਲਬਾਤ ਕਰਦੇ ਅਤੇ ਸਮਝਦੇ ਹਨ ਕਿਉਂਕਿ ਉਹ ਹੁਣ ਤੱਕ ਉਸੀ ਦਾ ਪ੍ਰਯੋਗ ਕਰਦੇ ਆਏ ਹਨ ਅਤੇ ਸਕੂਲ ਵਿੱਚ ਆਉਂਦੇ ਹੀ ਇੱਕ ਨਵੀਂ ਭਾਸ਼ਾ ਨਾਲ ਉਨ੍ਹਾਂ ਦਾ ਸਾਹਮਣਾ ਹੁੰਦਾ ਹੈ। ਸਮੱਸਿਆ ਉਦੋਂ ਆਉਂਦੀ ਹੈ ਜਦੋਂ ਉਨ੍ਹਾਂ ਨੂੰ ਸਕੂਲ ਦੀ ਭਾਸ਼ਾ ਸਿੱਖਣ ਅਤੇ ਪ੍ਰਯੋਗ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਅਸਲ ਵਿੱਚ ਕਲਾਸ ਵਿੱਚ ਦੋਨੋਂ ਹੀ ਭਾਸ਼ਾਵਾਂ ਨੂੰ ਜਗ੍ਹਾ ਦੇਣ ਦੀ ਜ਼ਰੂਰਤ ਹੈ ਅਤੇ ਉਨ੍ਹਾਂ ਦੇ ਵਿਚਕਾਰ ਦੀ ਦੂਰੀ ਨੂੰ ਘੱਟ ਕਰਨ ਦਾ ਇੱਕੋ ਤਰੀਕਾ ਹੈ ਕਿ ਬੱਚਿਆਂ ਨੂੰ ਜ਼ਿਆਦਾ ਤੋਂ ਜ਼ਿਆਦਾ ਗੱਲਬਾਤ ਕਰਨ ਦੇ ਮੌਕੇ ਦਿੱਤੇ ਜਾਣ। ਇਨ੍ਹਾਂ ਮੁੱਢਲੇ ਅਵਸਰਾਂ ਵਿੱਚ ਬੱਚਿਆਂ ਦੀ ਭਾਸ਼ਾ ਨੂੰ ਉਸ ਰੂਪ ਵਿੱਚ ਅਪਣਾਉਣਾ ਚਾਹੀਦਾ ਹੈ ਤਾਂ ਕਿ ਇਸ ਨਾਲ ਆਪਣੇ ਆਲੇ ਦੁਆਲੇ ਪ੍ਰਤੀ ਸਨਮਾਨ ਅਤੇ ਖੁਦ ਵਿੱਚ ਆਤਮ ਵਿਸ਼ਵਾਸ ਮਹਿਸੂਸ ਕਰ ਸਕਣ। ਇਹ ਪ੍ਰੋਤਸਾਹਨ ਨਵੀਂ ਭਾਸ਼ਾ ਦੇ ਗਿਆਨ ਨੂੰ ਹਾਸਲ ਕਰਨ ਅਤੇ ਬੱਚਿਆਂ ਦੇ ਉਤਸ਼ਾਹ ਨੂੰ ਵਧਾਉਣ ਵਿੱਚ ਮਦਦਗਾਰ ਸਾਬਤ ਹੁੰਦਾ ਹੈ।


देखा, आज बहन जी अंगूठी पहने हैं!
तुमने पहले नहीं देखी?
नहीं... हां, हां, मैंने पहले देखी हैं।
अरे, लेकिन यह अंगूठी दूसरी है।
बहन जी ने नई अंगूठी खरीदी है! यह पहले वाली से छोटी है।
नहीं पतली है!

ਬੱਚੇ ਕਦੇ ਵੀ ਬਿਨਾਂ ਉਦੇਸ਼ ਗੱਲਬਾਤ ਨਹੀਂ ਕਰ ਰਹੇ ਹੁੰਦੇ ਹਨ। ਇਸ ਗੱਲ ਨੂੰ ਇਨ੍ਹਾਂ ਦੋ ਬੱਚਿਆਂ ਦੇ ਵਿਚਕਾਰ ਹੋ ਰਹੇ ਸੁਭਾਵਿਕ ਸੰਵਾਦ ਨੂੰ ਪੜ੍ਹਕੇ ਸਮਝਿਆ ਜਾ ਸਕਦਾ ਹੈ-

ਇੱਥੇ ਸਿੱਖਣ ਦੀਆਂ ਕਈ ਸੰਭਾਵਨਾਵਾਂ ਬੱਚਿਆਂ ਨੂੰ ਗੱਲਬਾਤ ਦੇ ਜ਼ਰੀਏ ਉਪਲੱਬਧ ਹੋਈਆਂ ਹਨ। ਆਓ! ਇਸ ਦਾ ਵਿਸ਼ਲੇਸ਼ਣ ਕਰਕੇ ਦੇਖਦੇ ਹਾਂ। ਜਿਵੇਂ ਇੱਥੇ ਲੜਕੇ ਦੀ ਗੱਲ ਸੁਣਕੇ ਲੜਕੀ ਨੂੰ ਇਸ ਗੱਲ ਨੂੰ ਯਾਦ ਕਰਨ ਦਾ ਮੌਕਾ ਮਿਲਿਆ ਕਿ ਭੈਣ ਜੀ ਪਹਿਲਾਂ ਵੀ ਅੰਗੂਠੀ ਪਹਿਨਦੀ ਸੀ। ਨਾਲ ਹੀ ਬੱਚੇ ਨਵੀਂ ਪੁਰਾਣੀ ਅਤੇ ਛੋਟੀ ਪਤਲੀ ਵਿੱਚ ਵੀ ਫਰਕ ਕਰ ਰਹੇ ਹਨ।

ਗੱਲਬਾਤ ਦੇ ਇਨ੍ਹਾਂ ਉਪਯੋਗਾਂ ਪ੍ਰਤੀ ਸੁਚੇਤ ਹੋਣ ਲਈ ਜ਼ਰੂਰੀ ਹੈ ਕਿ ਅਸੀਂ ਬੱਚਿਆਂ ਨੂੰ ਗੱਲ ਸੁਣਨ ਦੀ ਆਦਤ ਪਾਈਏ ਜੋ ਕਿ ਅਕਸਰ ਅਸੀਂ ਵੱਡੇ ਨਹੀਂ ਕਰਦੇ ਹਾਂ। ਕਿਸੇ ਵੀ ਆਮ ਗੱਲਬਾਤ ਵਿੱਚ ਮਸਤ ਬੱਚੇ ਆਮ ਹੀ ਪ੍ਰੇਖਣ, ਤੁਲਨਾ ਦੇ ਨਾਲ ਨਾਲ ਕਈ ਵਾਰ ਕਲਪਨਾ ਅਤੇ ਭਵਿੱਖਬਾਣੀ ਵੀ ਕਰਦੇ ਹਨ, ਨਾਲ ਹੀ ਆਪਣੇ ਪੱਖ ਨੂੰ ਮਜ਼ਬੂਤ ਕਰਦੇ ਹੋਏ ਤਰਕ ਵੀ ਦਿੰਦੇ ਨਜ਼ਰ ਆਉਂਦੇ ਹਨ। ਸਾਨੂੰ ਗੱਲਬਾਤ ਵਿੱਚ ਬੱਚਿਆਂ ਲਈ ਸਿੱਖਣ ਦੀਆਂ ਸੰਭਾਵਨਾਵਾਂ ਨੂੰ ਪਛਾਣਨਾ ਹੋਏਗਾ।

**ਆਪਣੀ ਪ੍ਰਗਤੀ ਨੂੰ ਪਰਖੋ-4**

1. ਗੱਲਬਾਤ ਦੇ ਦੌਰਾਨ ਕਿਹੜੀਆਂ ਕਿਹੜੀਆਂ ਦੋ ਪ੍ਰਕਿਰਿਆਵਾਂ ਨਾਲ ਨਾਲ ਚੱਲਦੀਆਂ ਹਨ ?

   (ੳ) ਸੁਣਨਾ ਅਤੇ ਦੇਖਣਾ (ਅ) ਪੜ੍ਹਨਾ ਅਤੇ ਸੁਣਨਾ

   (ੲ) ਸੁਣਨਾ ਅਤੇ ਬੋਲਣਾ (ਸ) ਸੁਣਨਾ ਅਤੇ ਹੱਸਣਾ

2. ਕਲਾਸ ਵਿੱਚ ਬੱਚਿਆਂ ਦੀ ਗੱਲਬਾਤ ਦੇ ਪ੍ਰਤੀ ਅਧਿਆਪਕ ਕੀ ਸੋਚਦੇ ਹਨ ?

   ———————————————————————————

   ———————————————————————————

   ———————————————————————————

3. ਬੱਚਿਆਂ ਨੂੰ ਗੱਲਬਾਤ ਦੇ ਢੁਕਵੇਂ ਅਵਸਰ ਮਿਲਣ ਇਸ ਲਈ ਕਲਾਸ ਵਿੱਚ ਅਧਿਆਪਕ ਦੀ ਕਿਸ ਪ੍ਰਕਾਰ ਦੀ ਭੂਮਿਕਾ ਦੀ ਉਮੀਦ ਹੈ ?

   ———————————————————————————

   ———————————————————————————

   ———————————————————————————

4. ਆਪਣੇ ਆਸ ਪਾਸ ਦੇ ਕਿਸੇ 3-6 ਸਾਲ ਦੇ ਬੱਚਿਆਂ ਦੀ ਗੱਲਬਾਤ ਦਾ ਪ੍ਰੇਖਣ ਕਰੋ ਅਤੇ ਆਪਣੇ ਅਨੁਭਵ ਲਿਖੋ ਅਤੇ ਵਿਸ਼ਲੇਸ਼ਣ ਕਰੋ ਕਿ ਉਨ੍ਹਾਂ ਦੀ ਗੱਲਬਾਤ ਵਿੱਚ ਉੱਪਰ ਦਿੱਤੀਆਂ ਗਈਆਂ ਕਿਰਿਆਵਾਂ ਵਿੱਚੋਂ ਕਿਹੜੀਆਂ ਕਿਹੜੀਆਂ ਸ਼ਾਮਲ ਹਨ ?

   ———————————————————————————

## 4.4 ਕਲਾਸ ਵਿੱਚ ਸੁਣਨ-ਬੋਲਣ ਦੇ ਮੌਕੇ ਕਿਵੇਂ ਉਪਲੱਬਧ ਕਰਾਈਏ ?

ਗਰਮੀ ਦੀਆਂ ਛੁੱਟੀਆਂ ਤੋਂ ਬਾਅਦ ਸਕੂਲ ਖੁੱਲ੍ਹ ਚੁੱਕੇ ਸਨ। ਬਰਸਾਤ ਹੋਣ ਨਾਲ ਆਸਪਾਸ ਦੇ ਟੋਇਆਂ ਵਿੱਚ ਪਾਣੀ ਭਰਿਆ ਹੋਇਆ ਸੀ। ਇੱਧਰ ਸਕੂਲ ਵਿੱਚ ਪੜ੍ਹਾਈ ਵੀ ਸ਼ੁਰੂ ਹੋ ਚੁੱਕੀ ਸੀ। ਇੱਕ ਕਲਾਸ ਵਿੱਚ ਅਧਿਆਪਕ ਪੜ੍ਹਾ ਰਹੇ ਸਨ। ਕਲਾਸ ਵਿੱਚ ਪਿੱਛੇ ਦੀ ਤਰਫ਼ ਬੈਠੇ ਦੋ ਬੱਚੇ ਆਪਸ ਵਿੱਚ ਗੱਲਾਂ ਕਰ ਰਹੇ ਸਨ। ਅਧਿਆਪਕ ਦਾ ਧਿਆਨ ਅਚਾਨਕ ਉਨ੍ਹਾਂ ਦੋਨਾਂ ਦੀ ਤਰਫ਼ ਗਿਆ। ਅਧਿਆਪਕ ਉਨ੍ਹਾਂ ਬੱਚਿਆਂ ਦੇ ਕੋਲ ਗਏ ਅਤੇ ਬਹੁਤ ਪਿਆਰ ਨਾਲ ਪੁੱਛਿਆ 'ਭਾਈ, ਕੀ ਗੱਲ ਹੈ, ਸਾਨੂੰ ਵੀ ਦੱਸੋ। ਕੀ ਗੱਲਾਂ ਹੋ ਰਹੀਆਂ ਹਨ ? ਅਤੇ ਕੋਈ ਮਜ਼ੇਦਾਰ ਗੱਲ ਹੋਵੇ ਤਾਂ ਆਪਣੇ ਦੂਜੇ ਦੋਸਤਾਂ ਨੂੰ ਵੀ ਦੱਸੋ।'

ਕਲਾਸ ਵਿੱਚ ਦੋਨੋਂ ਬੱਚੇ ਕੁਝ ਦੇਰ ਲਈ ਤਾਂ ਘਬਰਾ ਗਏ। ਉਹ ਚੁੱਪ ਹੀ ਰਹੇ। ਫਿਰ ਤੋਂ ਅਧਿਆਪਕ ਨੇ ਕਿਹਾ, 'ਡਰੋ ਨਾ, ਆਖਿਰ ਤੁਸੀਂ ਕੀ ਗੱਲ ਕਰ ਰਹੇ ਸੀ ?'

ਉਨ੍ਹਾਂ ਵਿੱਚੋਂ ਇੱਕ ਬੱਚਾ ਹਿੰਮਤ ਕਰਕੇ ਬੋਲਿਆ- 'ਹੈ ਨਾ, ਅਸੀਂ ਘਰ ਤੋਂ ਆ ਰਹੇ ਸੀ ਤਾਂ ਟੋਏ ਵਿੱਚ ਡੱਡੂ ਜ਼ੋਰ ਜ਼ੋਰ ਨਾਲ ਬੋਲ ਰਹੇ ਸਨ।'

ਅਧਿਆਪਕ ਨੇ ਹੌਂਸਲਾ ਵਧਾਉਂਦੇ ਹੋਏ ਕਿਹਾ-'ਅੱਛਾ।' ਫਿਰ ਕੀ ਹੋਇਆ ?

ਬੱਚੇ- 'ਡੱਡੂ ਟੋਏ ਦੇ ਕਿਨਾਰੇ ਉੱਛਲ ਰਹੇ ਸਨ। ਡੱਡੂ ਵੱਡੇ ਵੱਡੇ ਸਨ।'

ਅਧਿਆਪਕ- 'ਤਾਂ ਫਿਰ ਕੀ ਹੋਇਆ ?'

ਬੱਚੇ-'ਫਿਰ, ਫਿਰ, ਅਸੀਂ ਕੋਲ ਗਏ ਤਾਂ ਪਾਣੀ ਵਿੱਚ ਛਾਲ ਮਾਰ ਕੇ ਚਲੇ ਗਏ।'

ਉਨ੍ਹਾਂ ਦੋਨਾਂ ਬੱਚਿਆਂ ਦਾ ਹੌਂਸਲਾ ਵਧ ਚੁੱਕਿਆ ਸੀ। ਉਨ੍ਹਾਂ ਨੂੰ ਇਹ ਭਰੋਸਾ ਹੋ ਗਿਆ ਸੀ ਕਿ ਉਹ ਜੋ ਗੱਲਾਂ ਕਰ ਰਹੇ ਸਨ, ਇਸ ਵਜ੍ਹਾ ਨਾਲ ਉਨ੍ਹਾਂ ਨੂੰ ਡਾਂਟ ਪੈਣ ਵਾਲੀ ਨਹੀਂ ਹੈ ਬਲਕਿ ਉਹ ਜੋ ਗੱਲਾਂ ਕਰ ਰਹੇ ਸਨ, ਉਸ ਵਜ੍ਹਾ ਨਾਲ ਉਨ੍ਹਾਂ ਨੂੰ ਸ਼ਾਬਾਸ਼ੀ ਮਿਲ ਰਹੀ ਹੈ।

ਉਨ੍ਹਾਂ ਵਿੱਚੋਂ ਇੱਕ ਬੱਚੇ ਨੇ ਅਧਿਆਪਕ ਤੋਂ ਪੁੱਛਿਆ- 'ਡੱਡੂ ਬਰਸਾਤ ਤੋਂ ਬਾਅਦ ਕਿੱਥੇ ਚਲੇ ਜਾਂਦੇ ਹਨ ?'

ਅਧਿਆਪਕ ਜੋ ਪੜ੍ਹਾ ਰਹੇ ਸਨ, ਉਸ ਨੂੰ ਛੱਡ ਕੇ ਬੱਚਿਆਂ ਦੀ ਗੱਲ ਨੂੰ ਅੱਗੇ ਵਧਾਇਆ- 'ਸਾਰਿਆਂ ਨੇ ਡੱਡੂ ਦੇਖਿਆ ਹੈ।' ਉਸ ਕਲਾਸ ਵਿੱਚ ਕੋਈ ਵੀ ਬੱਚਾ ਅਜਿਹਾ ਨਹੀਂ ਸੀ ਜਿਸ ਨੇ ਡੱਡੂ ਨਾ ਦੇਖਿਆ ਹੋਵੇ। ਅਧਿਆਪਕ ਦੇ ਇਸ ਸੁਆਲ 'ਤੇ ਪੂਰੀ ਕਲਾਸ "ਹਾਂ" ਦੀ ਆਵਾਜ਼ ਨਾਲ ਗੂੰਜ ਰਹੀ ਸੀ।

ਹੁਣ ਤਾਂ ਹਰ ਬੱਚਾ ਡੱਡੂ ਦੇ ਬਾਰੇ ਵਿੱਚ ਕੁਝ ਨਾ ਕੁਝ ਕਹਿਣ ਨੂੰ ਉਤਾਵਲਾ ਹੋਈ ਜਾ ਰਿਹਾ ਸੀ।

ਇੱਕ ਬੱਚਾ ਬੋਲਿਆ- ਡੱਡੂ ਬਰਸਾਤ ਵਿੱਚ ਹੀ ਟਰਰ-ਟਰਰ ਕਰਦੇ ਹਨ।

ਇੱਕ ਬੱਚੇ ਨੇ ਕਿਹਾ- 'ਜਦੋਂ ਮੇਰੇ ਘਰ ਦੇ ਪਿਛਵਾੜੇ ਖੁਦਾਈ ਹੋ ਰਹੀ ਸੀ ਤਾਂ ਅੰਦਰ ਤੋਂ ਡੱਡੂ ਨਿਕਲੇ ਸਨ।'

ਇੱਕ ਨੇ ਕਿਹਾ ਕਿ ਉਸ ਨੇ ਡੱਡੂ ਨੂੰ ਕੀੜੇ ਖਾਂਦੇ ਹੋਏ ਦੇਖਿਆ ਹੈ। ਕੋਈ ਦੱਸ ਰਿਹਾ ਸੀ ਕਿ ਡੱਡੂ ਦੀਵਾਰ ਦੀ ਮੰਡੇਰ ਤੋਂ ਛਾਲ ਮਾਰ ਲੈਂਦੇ ਹਨ।

ਕਲਾਸ ਦਾ ਮਾਹੌਲ ਹੁਣ ਡੱਡੂਮਈ ਹੋ ਗਿਆ ਸੀ। ਕੁਝ ਬੱਚੇ ਡੱਡੂ ਦੀ ਆਵਾਜ਼ ਵਿੱਚ ਟਰਰ-ਟਰਰ ਕਰ ਰਹੇ ਸਨ ਤਾਂ ਕੁਝ ਡੱਡੂ ਦੀ ਤਰ੍ਹਾਂ ਉੱਛਲ ਰਹੇ ਸਨ।

ਅਧਿਆਪਕ ਬੱਚਿਆਂ ਦੀਆਂ ਗੱਲਾਂ ਅਤੇ ਗਤੀਵਿਧੀਆਂ ਨੂੰ ਗੌਰ ਨਾਲ ਸੁਣ ਅਤੇ ਦੇਖ ਰਹੇ ਸਨ। ਹਾਲਾਂਕਿ ਅਧਿਆਪਕ ਵਿਚਕਾਰ ਬੱਚਿਆਂ ਨੂੰ ਚੁੱਪ ਵੀ ਕਰਵਾ ਰਹੇ ਸਨ।

ਅਧਿਆਪਕ ਨੇ ਸਾਰੇ ਬੱਚਿਆਂ ਨੂੰ ਕਿਹਾ–'ਦੇਖੋ, ਹੁਣ ਡੱਡੂਆਂ ਦੀ ਤਰਫ਼ ਧਿਆਨ ਨਾਲ ਦੇਖਣਾ ਅਤੇ ਸੋਚਣਾ ਵੀ ਕਿ ਆਖਿਰ ਡੱਡੂ ਬਰਸਾਤ ਤੋਂ ਬਾਅਦ ਕਿੱਥੇ ਚਲੇ ਜਾਂਦੇ ਹਨ।'

ਅੰਤ ਵਿੱਚ ਅਧਿਆਪਕ ਨੇ ਬੱਚਿਆਂ ਨੂੰ ਡੱਡੂ 'ਤੇ 5 ਵਾਕ ਲਿਖ ਕੇ ਲਿਆਉਣ ਨੂੰ ਕਿਹਾ।

ਡੱਡੂ 'ਤੇ ਹੋਈ ਗੱਲਬਾਤ ਵਿੱਚ ਅਧਿਆਪਕ ਨੇ ਸਹਿਜ ਤਰੀਕੇ ਨਾਲ ਡੱਡੂ ਦੇ ਆਵਾਸ, ਖਾਣ ਪੀਣ, ਰੰਗ ਰੂਪ, ਆਕਾਰ, ਸੁਭਾਅ 'ਤੇ ਗੱਲਬਾਤ ਕੀਤੀ ਅਤੇ ਉਸ ਨੂੰ ਆਪਣੇ ਅਧਿਆਪਨ ਨਾਲ ਜੋੜਿਆ। ਸਕੂਲ ਵਿੱਚ ਅਧਿਆਪਕ ਵੱਲੋਂ ਬੱਚਿਆਂ ਨੂੰ ਇਸ ਤਰ੍ਹਾਂ ਦੀ ਗੱਲਬਾਤ ਦੇ ਮੌਕੇ ਦੇਣ ਨਾਲ ਉਹ ਹੌਲੀ ਹੌਲੀ ਆਪਣੇ ਅਨੁਭਵਾਂ ਨਾਲ ਜੁੜੇ ਭਾਵਾਂ ਅਤੇ ਵਿਚਾਰਾਂ ਨੂੰ ਪ੍ਰਗਟ ਕਰਨ ਵਿੱਚ ਸਮਰੱਥ ਹੋ ਜਾਣਗੇ। ਨਾਲ ਹੀ ਉਹ ਵਿਭਿੰਨ ਵਿਸ਼ਿਆਂ ਵਿੱਚ ਸ਼ਾਮਲ ਗਿਆਨ ਨੂੰ ਗਹਿਰਾਈ ਨਾਲ ਸਮਝ ਸਕਣਗੇ। ਅਜਿਹੇ ਮੌਕੇ ਦੇਣ ਲਈ ਅਧਿਆਪਕਾਂ ਨੂੰ ਜ਼ਿਆਦਾ ਦੂਰ ਜਾਣ ਦੀ ਜ਼ਰੂਰਤ ਵੀ ਨਹੀਂ ਹੈ, ਬਲਕਿ ਸਕੂਲ ਦੇ ਮਾਹੌਲ ਵਿੱਚ ਜਾਂ ਸਕੂਲ ਦੇ ਆਸ ਪਾਸ ਦੀਆਂ ਥਾਵਾਂ ਜਿਵੇਂ ਬਗੀਚਾ, ਖੇਤ, ਨਾਲਾ, ਛੋਟਾ ਪੁਲ, ਫੁੱਲ, ਤਿਤਲੀਆਂ, ਸੜਕ, ਮਿੱਟੀ, ਫਾਟਕ, ਆਲ੍ਹਣੇ, ਆਦਿ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਆਸਾਨੀ ਨਾਲ ਲੱਭਿਆ ਜਾ ਸਕਦਾ ਹੈ। ਜਿਨ੍ਹਾਂ ਦਾ ਨਜ਼ਦੀਕ ਤੋਂ ਪ੍ਰੇਖਣ ਕਰਕੇ ਬੱਚੇ ਉਨ੍ਹਾਂ ਦੇ ਬਾਰੇ ਵਿੱਚ ਗੱਲਬਾਤ ਕਰ ਸਕਦੇ ਹਨ।

ਇੱਥੇ ਅਧਿਆਪਕ ਨੇ ਬੱਚਿਆਂ ਨੂੰ ਆਪਣੀ ਗੱਲ ਕਹਿਣ ਦੇ ਭਰਪੂਰ ਮੌਕੇ ਦੇਣ ਦੇ ਨਾਲ ਨਾਲ ਬੋਲਣ ਲਈ ਪ੍ਰੋਤਸਾਹਿਤ ਵੀ ਕੀਤਾ ਹੈ। ਜੇਕਰ ਅਧਿਆਪਕ ਬੱਚਿਆਂ ਨੂੰ ਪ੍ਰੋਤਸਾਹਿਤ ਨਾ ਕਰਦੇ ਤਾਂ ਕਲਾਸ ਵਿੱਚ ਇੰਨੀ ਵਧੀਆ ਗੱਲਬਾਤ ਨਹੀਂ ਹੋ ਸਕਦੀ। ਇਸ ਤਰ੍ਹਾਂ ਕਲਾਸ ਨੂੰ ਬੱਚਿਆਂ ਦੇ ਜੀਵਨ ਅਤੇ ਅਨੁਭਵਾਂ ਨਾਲ ਜੋੜਨ ਨਾਲ ਸਿੱਖਣਾ ਸਹਿਜ ਅਤੇ ਸੁਭਾਵਿਕ ਹੋ ਜਾਂਦਾ ਹੈ।

**ਆਪਣੀ ਪ੍ਰਗਤੀ ਨੂੰ ਪਰਖੋ–5**

1. ਬੱਚਿਆਂ ਨੂੰ ਗੱਲਬਾਤ ਦਾ ਮੌਕਾ ਦੇਣ ਦਾ ਕੀ ਫਾਇਦਾ ਹੋਏਗਾ ?

   (ੳ) ਉਹ ਆਪਣੇ ਅਨੁਭਵਾਂ ਅਤੇ ਵਿਚਾਰਾਂ ਨੂੰ ਪ੍ਰਗਟ ਕਰਨ ਦੇ ਸਮਰੱਥ ਹੋਣਗੇ।

   (ਅ) ਸ਼ਬਦ ਸਿੱਖਣਗੇ

   (ੲ) ਤੁਕਬੰਦੀ ਕਰਨਗੇ

   (ਸ) ਪੜ੍ਹਨਾ ਸਿੱਖਣਗੇ

2. ਇੱਕ ਅਧਿਆਪਕ ਲਈ ਬੱਚੇ ਨੂੰ ਬੋਲਣ ਦਾ ਮੌਕਾ ਦੇਣਾ ਕਿਉਂ ਜ਼ਰੂਰੀ ਹੁੰਦਾ ਹੈ ?

   ________________________________

   ________________________________

   ________________________________

3. ਕਲਾਸ ਵਿੱਚ ਤੁਸੀਂ ਬੱਚਿਆਂ ਦੀ ਗੱਲਬਾਤ ਨੂੰ ਸਿੱਖਣ ਅਤੇ ਸਿਖਾਉਣ ਦਾ ਜ਼ਰੀਆ ਕਿਵੇਂ ਬਣਾਓਗੇ ? ਇੱਕ ਉਦਾਹਰਨ ਰਾਹੀਂ ਆਪਣੀ ਗੱਲ ਨੂੰ ਸਪੱਸ਼ਟ ਕਰੋ।

——————————————————————————

——————————————————————————

——————————————————————————

4. ਤੁਹਾਡੇ ਅਨੁਸਾਰ ਅਧਿਆਪਨ ਦੌਰਾਨ ਕਲਾਸ ਦਾ ਮਾਹੌਲ ਕਿਵੇਂ ਦਾ ਹੋਣਾ ਚਾਹੀਦਾ ਹੈ?

——————————————————————————

### 4.4.1 ਕਵਿਤਾ/ਬਾਲਗੀਤ ਸੁਣਾਉਣਾ ਅਤੇ ਸੁਣਨਾ

ਗੋਲ ਗੋਲ ਪਾਣੀ

ਮੰਮੀ ਮੇਰੀ ਰਾਣੀ

ਪਾਪਾ ਮੇਰੇ ਰਾਜਾ

ਫ਼ਲ ਖਾਏ ਤਾਜ਼ਾ

———

ਪੋਸ਼ੰਪਾ ਭਾਈ ਪੋਸ਼ੰਪਾ

ਡਾਕੂਆਂ ਨੇ ਕੀ ਕੀਤਾ

ਸੌ ਰੁਪਏ ਦੀ ਘੜੀ ਚੁਰਾਈ

ਹੁਣ ਤਾਂ ਜੇਲ੍ਹ ਵਿੱਚ ਜਾਣਾ ਪਏਗਾ

ਸੁੱਕੀ ਰੋਟੀ ਖਾਣੀ ਪਏਗੀ

ਠੰਢਾ ਪਾਣੀ ਪੀਣਾ ਪਏਗਾ।

——

ਹਰਾ ਸਮੁੰਦਰ ਗੋਪੀ ਚੰਦਰ

ਬੋਲ ਮੇਰੀ ਮਛਲੀ, ਕਿੰਨਾ ਕੁ ਪਾਣੀ

ਇੰਨਾ ਪਾਣੀ, ਇੰਨਾ ਪਾਣੀ।

ਅਸੀਂ ਅਕਸਰ ਬੱਚਿਆਂ ਨੂੰ ਗਲੀ ਮੁਹੱਲੇ ਵਿੱਚ ਆਪਣੇ ਸਾਥੀਆਂ ਨਾਲ ਜਾਂ ਇਕੱਲੇ ਅਜਿਹੇ ਕਈ ਛੋਟੇ ਛੋਟੇ ਬਾਲਗੀਤ ਗਾਉਂਦੇ ਹੋਏ ਦੇਖਦੇ ਹਾਂ। ਇਹ ਸਭ ਗਾਉਂਦੇ ਸਮੇਂ ਨਾ ਉਨ੍ਹਾਂ ਨੂੰ ਗਲਤ ਗਾਉਣ 'ਤੇ ਡਾਂਟ ਜਾਂ ਸਜ਼ਾ ਦਾ ਡਰ ਰਹਿੰਦਾ ਹੈ ਅਤੇ ਨਾ ਹੀ ਕਿਸੇ ਦੇ ਟੋਕਣ ਦਾ ਡਰ। ਹਰ ਬੱਚੇ ਨੂੰ ਕਵਿਤਾ/ ਗੀਤ ਦੀ ਲੈਅ ਅਤੇ ਸ਼ਬਦਾਵਲੀ ਆਕਰਸ਼ਿਤ ਕਰਦੀ ਹੈ। ਕਈ ਵਾਰ ਤਾਂ ਉਹ ਗੀਤਾਂ ਦੇ ਸ਼ਬਦਾਂ ਨੂੰ ਖਿੱਚ ਕੇ ਊਟ ਪਟਾਂਗ ਪ੍ਰਯੋਗ ਵੀ ਕਰਦੇ ਹਨ ਅਤੇ ਅਜਿਹਾ ਕਰਨ ਵਿੱਚ ਉਨ੍ਹਾਂ ਨੂੰ ਬਹੁਤ ਹੀ ਮਜ਼ਾ ਆਉਂਦਾ ਹੈ। ਸ਼ਬਦਾਂ ਨਾਲ ਖੇਡਣਾ, ਬੱਚਿਆਂ ਦੀ ਰਚਨਾਤਮਕਤਾ ਅਤੇ ਊਰਜਾ ਨੂੰ ਬਾਹਰ ਲਿਆਉਣ ਵਿੱਚ ਅਦਭੁੱਤ ਭੂਮਿਕਾ ਨਿਭਾ ਸਕਦਾ ਹੈ। ਇਹ ਕਵਿਤਾ ਇਸ ਦਾ ਇੱਕ ਉਦਾਹਰਨ ਪੇਸ਼ ਕਰਦੀ ਹੈ-

ਆਲੂ ਕਚਾਲੂ ਬੇਟਾ ਕਿੱਥੇ ਗਏ ਸੀ ?

ਬੈਂਗਣ ਦੀ ਟੋਕਰੀ ਵਿੱਚ ਸੋ ਰਹੇ ਸੀ

ਬੈਂਗਣ ਨੇ ਮਾਰੀ ਲੱਤ ਰੋ ਰਹੇ ਸੀ

ਮੰਮੀ ਨੇ ਕੀਤਾ ਪਿਆਰ ਹੱਸ ਰਹੇ ਸੀ

ਪਾਪਾ ਨੇ ਦਿੱਤੇ ਪੈਸੇ ਨੱਚ ਰਹੇ ਸੀ।

ਅਕਸਰ ਇਸ ਤਰ੍ਹਾਂ ਦੇ ਗੀਤ ਗਾਉਂਦੇ ਸਮੇਂ ਬੱਚੇ ਉਸ ਵਿੱਚ ਕਈ ਵਾਰ ਆਪਣੀ ਮਰਜ਼ੀ ਨਾਲ ਕੁਝ ਸ਼ਬਦਾਂ ਨੂੰ ਜੋੜਦੇ-ਤੋੜਦੇ ਰਹਿੰਦੇ ਹਨ, ਪਰ ਕਵਿਤਾ ਦੀ ਲੈਅ ਟੁੱਟਦੀ ਨਹੀਂ ਹੈ। ਜਿਵੇਂ ਇੱਕ ਚਾਰ ਸਾਲ ਦਾ ਬੱਚਾ ਇਸ ਕਵਿਤਾ ਵਿੱਚ ਆਪਣੇ ਸ਼ਬਦ ਜੋੜ ਕੇ ਗਾਉਂਦਾ ਹੈ-

ਛੋਟੂ ਮੋਟੂ ਬੇਟਾ ਕਿੱਥੇ ਗਏ ਸੀ ?

ਬੈਡ 'ਤੇ ਬੈਠੇ ਹੀ ਸੋ ਰਹੇ ਸੀ

ਭੈਣ ਨੇ ਮਾਰੀ ਲੱਤ ਰੋ ਰਹੇ ਸੀ

ਮੰਮੀ ਨੇ ਕੀਤਾ ਪਿਆਰ ਹੱਸ ਰਹੇ ਸੀ

ਕਵਿਤਾ ਆਪਣੇ ਆਪ ਨੂੰ ਪ੍ਰਗਟ ਕਰਨ ਅਤੇ ਆਪਣੇ ਜੀਵਨ ਨਾਲ ਜੋੜਨ ਦਾ ਇੱਕ ਸਸ਼ਕਤ ਮਾਧਿਅਮ ਹੈ। ਨਿਯਮਤ ਰੂਪ ਨਾਲ ਕਵਿਤਾਵਾਂ ਅਤੇ ਗੀਤ ਸੁਣ ਕੇ ਬੱਚੇ ਭਾਸ਼ਾ ਦੀ ਬੁਨਿਆਦੀ ਸੰਰਚਨਾ ਗ੍ਰਹਿਣ ਕਰ ਲੈਂਦੇ ਹਨ। ਜਿਵੇਂ ਕਵਿਤਾ ਵਿੱਚ ਆਏ ਨਵੇਂ ਸ਼ਬਦਾਂ ਦਾ ਅਰਥ ਫੜ ਲੈਂਦੇ ਹਨ, ਕਵਿਤਾ ਦੀ ਲੈਅ ਨੂੰ ਬਣਾ ਵਿਗਾੜ ਕੇ ਤੁਕਬੰਦੀ ਵੀ ਕਰ ਲੈਂਦੇ ਹਨ। ਨਾਲ ਹੀ ਕਵਿਤਾ ਬੱਚਿਆਂ ਨੂੰ ਆਪਣੇ ਅਨੁਭਵਾਂ ਨਾਲ ਵੀ ਜੋੜਦੀ ਹੈ। ਜੇਕਰ ਇੱਕ ਹੀ ਕਵਿਤਾ ਨੂੰ ਦੋ ਅਲੱਗ ਅਲੱਗ ਬੱਚਿਆਂ ਵੱਲੋਂ ਪੜ੍ਹਿਆ ਜਾਏਗਾ ਤਾਂ ਦੋਨੋਂ ਹੀ ਉਸ ਕਵਿਤਾ ਦਾ ਅਰਥ ਆਪਣੇ ਆਪਣੇ ਅਨੁਭਵਾਂ ਨਾਲ ਜੋੜਦੇ ਹੋਏ ਸਮਝਣਗੇ।

ਅਧਿਆਪਕਾਂ ਲਈ ਇਹ ਸੋਚਣ ਵਾਲੀ ਗੱਲ ਹੈ ਕਿ ਕਲਾਸ ਵਿੱਚ ਕਵਿਤਾ ਦੇ ਨਾਲ ਕਿਸ ਤਰ੍ਹਾਂ ਨਾਲ ਕੰਮ ਕੀਤਾ ਜਾਵੇ ਜਿਸ ਨਾਲ ਬੱਚਿਆਂ ਵਿੱਚ ਰਚਨਾਤਮਕਤਾ ਦਾ ਵਿਕਾਸ ਹੋਵੇ ਅਤੇ ਉਹ ਆਪਣੀਆਂ ਭਾਵਨਾਵਾਂ ਅਤੇ ਅਨੁਭਵਾਂ ਨੂੰ ਕਵਿਤਾ ਅਤੇ ਗੀਤਾਂ ਰਾਹੀਂ ਪ੍ਰਗਟ ਕਰ ਸਕਣ।

**ਆਪਣੀ ਪ੍ਰਗਤੀ ਨੂੰ ਪਰਖੋ-6**

1. ਨਿਯਮਤ ਰੂਪ ਨਾਲ ਕਵਿਤਾ ਅਤੇ ਗੀਤ ਸੁਣ ਕੇ ਬੱਚੇ ਕੀ ਗ੍ਰਹਿਣ ਕਰਦੇ ਹਨ ?

   (ੳ) ਸ਼ਬਦ (ਅ) ਆਵਾਜ਼

   (ੲ) ਲੈਅ (ਸ) ਭਾਸ਼ਾ ਦੀ ਬੁਨਿਆਦੀ ਸੰਰਚਨਾ

2. 'ਜੇਕਰ ਦਰੱਖਤ ਚਲਦੇ ਹੁੰਦੇ' ਕਵਿਤਾ ਕਲਾਸ ਤੀਜੀ ਦੇ ਬੱਚਿਆਂ ਨਾਲ ਕਰਵਾਓ ਅਤੇ ਉਸ ਨੂੰ ਅੱਗੇ ਵਧਾਉਣ ਨੂੰ ਕਹੋ। ਬੱਚਿਆਂ ਵੱਲੋਂ ਜੋੜੀਆਂ ਗਈਆਂ ਪੰਕਤੀਆਂ 'ਤੇ ਚਰਚਾ ਕਰੋ ਅਤੇ ਉਨ੍ਹਾਂ ਨੇ ਇਹ ਹੀ ਪੰਕਤੀਆਂ ਕਿਉਂ ਲਿਖੀਆਂ ?

   **ਜੇਕਰ ਦਰੱਖਤ ਵੀ ਚਲਦੇ ਹੁੰਦੇ**

   ਜੇਕਰ ਦਰੱਖਤ ਵੀ ਚਲਦੇ ਹੁੰਦੇ

ਕਿੰਨੇ ਮਜ਼ੇ ਸਾਡੇ ਹੁੰਦੇ

ਬੰਨ੍ਹ ਤਣੇ ਵਿੱਚ ਉਸ ਦੀ ਰੱਸੀ

ਜਿੱਥੇ ਕਿਧਰੇ ਉਨ੍ਹਾਂ ਨੂੰ ਲੈ ਜਾਂਦੇ।

ਜੇਕਰ ਕਿਧਰੇ ਧੁੱਪ ਸਤਾਉਂਦੀ

ਉਨ੍ਹਾਂ ਦੇ ਹੇਠ ਝੱਟ ਸੁਸਤਾਉਂਦੇ

ਜਦੋਂ ਕਦੇ ਵੀ ਵਰਖਾ ਹੁੰਦੀ

ਉਨ੍ਹਾਂ ਦੇ ਹੇਠ ਅਸੀਂ ਛਿਪ ਜਾਂਦੇ।

ਭੁੱਖ ਸਤਾਉਂਦੀ ਜੇਕਰ ਅਚਾਨਕ

ਤੋੜ ਮਿੱਠੇ ਫ਼ਲ ਉਨ੍ਹਾਂ ਦੇ ਖਾਂਦੇ

ਆਉਂਦਾ ਚਿੱਕੜ, ਹੜ੍ਹ ਕਿਧਰੇ ਤਾਂ

ਉੱਪਰ ਉਨ੍ਹਾਂ ਦੇ ਝੱਟ ਚੜ੍ਹ ਜਾਂਦੇ।

3. ਇਹ ਕਵਿਤਾ ਬੱਚਿਆਂ ਨੂੰ ਭਾਸ਼ਾ ਸਿੱਖਣ ਵਿੱਚ ਕੀ ਕੀ ਮੌਕੇ ਦਿੰਦੀ ਹੈ?

## 4.4.2 ਚਿੱਤਰਾਂ ਰਾਹੀਂ ਚਰਚਾ ਕਰਨਾ

ਚਿੱਤਰ ਇੱਕ ਅਜਿਹਾ ਮਾਧਿਅਮ ਹੈ ਜਿਸ ਰਾਹੀਂ ਅਸੀਂ ਪਹਿਲੀ ਕਲਾਸ ਤੋਂ ਲੈ ਕੇ ਅੱਠਵੀਂ ਕਲਾਸ ਤੱਕ ਦੇ ਬੱਚਿਆਂ ਨਾਲ ਗੱਲਬਾਤ ਅਤੇ ਚਰਚਾ ਦੀਆਂ ਬਹੁਤ ਸੰਭਾਵਨਾਵਾਂ ਖੋਜ ਸਕਦੇ ਹਾਂ। ਛੋਟੀਆਂ ਕਲਾਸਾਂ ਵਿੱਚ ਤਾਂ ਬੱਚਿਆਂ ਦੀ ਚਿੱਤਰਾਂ ਵਿੱਚ ਬਹੁਤ ਰੁਚੀ ਹੁੰਦੀ ਹੈ, ਉਨ੍ਹਾਂ ਨੂੰ ਚਿੱਤਰ ਦੇਖਣ ਅਤੇ ਬਣਾਉਣ ਵਿੱਚ ਬਹੁਤ ਮਜ਼ਾ ਆਉਂਦਾ ਹੈ। ਕਿਸੇ ਕਿਤਾਬ ਵਿੱਚ ਚਿੱਤਰ ਸਭ ਤੋਂ ਪਹਿਲਾਂ ਬੱਚਿਆਂ ਦਾ ਧਿਆਨ ਆਕਰਸ਼ਿਤ ਕਰਦੇ ਹਨ। ਉਨ੍ਹਾਂ ਨਾਲ ਚਿੱਤਰਾਂ 'ਤੇ ਸਹਿਜ ਗੱਲਬਾਤ ਕਰਨੀ ਆਸਾਨ ਹੁੰਦੀ ਹੈ। ਬੱਚੇ ਚਿੱਤਰਾਂ ਦਾ ਬਾਰੀਕੀ ਨਾਲ ਪ੍ਰੇਖਣ ਵੀ ਕਰਦੇ ਹਨ ਅਤੇ ਉਸ 'ਤੇ ਬਹੁਤ ਸਾਰੀ ਗੱਲਬਾਤ ਵੀ ਕਰ ਸਕਦੇ ਹਨ ਜਿਸ ਦਾ ਅਸੀਂ ਅੰਦਾਜ਼ਾ ਵੀ ਨਹੀਂ ਲਗਾ ਸਕਦੇ ਹਾਂ।

ਜਦੋਂ ਅਸੀਂ ਤੀਜੀ ਕਲਾਸ ਦੇ ਬੱਚਿਆਂ ਨਾਲ ਚਿੱਤਰ 'ਤੇ ਗੱਲਬਾਤ ਕੀਤੀ ਤਾਂ ਬੱਚਿਆਂ ਨੇ ਉਸ ਵਿੱਚ ਦਿਖਾਈ ਦੇਣ ਵਾਲੀਆਂ ਚੀਜ਼ਾਂ ਦੇ ਨਾਂ ਦੱਸਣ ਦੇ ਨਾਲ ਨਾਲ ਆਪਣੇ ਅਨੁਭਵਾਂ ਨੂੰ ਪ੍ਰੇਖਣ ਨਾਲ ਜੋੜਦੇ ਹੋਏ ਕੁਝ ਤਰਕ ਦੇ ਰਹੇ ਸਨ, ਪਰ ਹਰ ਕਿਸੇ ਦਾ ਅਲੱਗ ਨਜ਼ਰੀਆ ਸੀ। ਇਸ ਵਿੱਚ ਕੁਝ ਉਦਾਹਰਨ ਇਸ ਪ੍ਰਕਾਰ ਹਨ।

(1) ਆਦਮੀ ਗਾਂ ਲੈ ਕੇ ਜਾ ਰਿਹਾ ਹੈ/ਇੱਕ ਆਦਮੀ ਬੈਲ ਬੰਨ੍ਹ ਰਿਹਾ ਹੈ/ਇੱਕ ਲੜਕਾ ਝੌਂਪੜੀ ਵਿੱਚ ਜਾ ਰਿਹਾ ਹੈ।

(2) ਇੱਕ ਲੜਕੀ ਦਰੱਖਤ 'ਤੇ ਚੜ੍ਹ ਰਹੀ ਸੀ, ਇੱਕ ਲੜਕੇ ਨੇ ਉਸ ਨੂੰ ਰੋਕਿਆ ਕਿ ਦਰੱਖਤ ਬਹੁਤ ਵੱਡਾ ਹੈ, ਤੂੰ ਡਿੱਗ ਜਾਏਂਗੀ/ ਲੜਕੀ ਦਰੱਖਤ 'ਤੇ ਝੂਲ ਰਹੀ ਸੀ/ ਦਰੱਖਤ ਹਿੱਲ ਰਿਹਾ ਹੈ/ਪਹਾੜ 'ਤੇ ਬਹੁਤ ਸਾਰੇ ਪੌਦੇ ਉੱਗ ਰਹੇ ਹਨ।

(3) ਸਵੇਰੇ ਸੂਰਜ ਚੜ੍ਹ ਰਿਹਾ ਹੈ, ਸਵੇਰੇ ਪੰਛੀ ਉੱਡ ਰਹੇ ਹਨ/ਸੂਰਜ ਨਿਕਲ ਕੇ ਬਾਹਰ ਜਾ ਰਿਹਾ ਹੈ/ ਸ਼ਾਮ ਦਾ ਸਮਾਂ ਹੈ/ਸੂਰਜ ਡੁੱਬ ਰਿਹਾ ਹੈ।

(4) ਪਤਨੀ ਘਰ ਜਾ ਰਹੀ ਹੈ/ਔਰਤ ਪਾਣੀ ਲੈ ਜਾ ਰਹੀ ਹੈ।

(5) ਦੋ ਬਗਲੇ ਉੱਡ ਰਹੇ ਹਨ।

ਉਪਰੋਕਤ ਵਾਕ ਇਸ ਗੱਲ ਦੀ ਤਰਫ਼ ਇਸ਼ਾਰਾ ਕਰਦੇ ਹਨ ਕਿ ਬੱਚੇ ਇੱਕ ਚਿੱਤਰ 'ਤੇ ਕਈ ਤਰ੍ਹਾਂ ਨਾਲ ਗੱਲਬਾਤ ਕਰਦੇ ਹਨ। ਚਿੱਤਰਾਂ 'ਤੇ ਕੀਤੀ ਗਈ ਗੱਲਬਾਤ ਬੱਚਿਆਂ ਦੀ ਸਿਰਜਣਾਤਮਕਤਾ ਅਤੇ ਵਿਸ਼ਲੇਸ਼ਣ ਸਮਰੱਥਾ ਨੂੰ ਪ੍ਰੋਤਸਾਹਨ ਦਿੰਦੀ ਹੈ। ਚਾਹੇ ਉਹ ਚਿੱਤਰ ਅਖ਼ਬਾਰਾਂ ਵਿੱਚ ਛਪੇ ਹੋਣ, ਵਿਗਿਆਪਨ ਦੇ ਹੋਣ, ਕੋਈ ਟਿਕਟ ਹੋਵੇ ਜਾਂ ਕੈਲੰਡਰ ਦੇ ਪਿੱਛੇ ਛਪੇ ਹੋਣ। ਇਹ ਸਾਰੇ ਚਿੱਤਰ ਉੱਚ ਪ੍ਰਾਇਮਰੀ ਪੱਧਰ 'ਤੇ ਵੀ ਅਲੱਗ ਅਲੱਗ ਤਰੀਕਿਆਂ ਨਾਲ ਗੱਲਬਾਤ ਲਈ ਉਪਯੋਗ ਵਿੱਚ ਲਿਆਂਦੇ ਜਾ ਸਕਦੇ ਹਨ।

ਕਲਾਸ ਵਿੱਚ ਬੱਚਿਆਂ ਦੇ ਵਿੱਚ ਬੈਠ ਕੇ ਕਿਸੇ ਤਸਵੀਰ ਨੂੰ ਆਰਾਮ ਨਾਲ ਦੇਖਣ ਦਾ ਅਵਸਰ ਦੇਣਾ ਅਤੇ ਆਪਣੀ ਗੱਲ ਕਹਿਣ ਲਈ ਉਨ੍ਹਾਂ ਨੂੰ ਆਜ਼ਾਦ ਛੱਡ ਦੇਣਾ, ਉਸ ਵਿੱਚ ਬੇਝਿਜਕ ਪ੍ਰਗਟਾਵੇ ਦੇ ਵਿਕਾਸ ਲਈ ਬਹੁਤ ਉਪਯੋਗੀ ਹੁੰਦਾ ਹੈ। ਤਸਵੀਰ ਵਿੱਚ ਜਿਨ੍ਹਾਂ ਚੀਜ਼ਾਂ ਦੀ ਤਰਫ਼ ਬੱਚਿਆਂ ਦਾ ਧਿਆਨ ਨਹੀਂ ਗਿਆ ਹੋਵੇ, ਉਸ ਨੂੰ ਅਧਿਆਪਕ ਨੂੰ ਪ੍ਰਸ਼ਨ ਪੁੱਛਕੇ ਬੱਚਿਆਂ ਦੇ ਧਿਆਨ ਵਿੱਚ ਲਿਆ ਸਕਦੇ ਹਨ। ਇਸ ਤਰ੍ਹਾਂ ਨਾਲ ਬੱਚਿਆਂ ਵਿੱਚ ਬਾਰੀਕੀ ਨਾਲ ਪ੍ਰੇਖਣ ਕਰਨ ਦੀ ਸਮਰੱਥਾ ਵਿਕਸਤ ਕੀਤੀ ਜਾ ਸਕਦੀ ਹੈ। ਤਸਵੀਰਾਂ 'ਤੇ ਗੱਲ ਕਰਦੇ ਸਮੇਂ ਸਾਡੇ ਸਵਾਲ ਬੱਚਿਆਂ ਨੂੰ ਆਪਣੇ ਹੁਨਰ ਨੂੰ ਪੈਦਾ ਕਰਨ ਦਾ ਭਰਪੂਰ ਮੌਕਾ ਦਿੰਦੇ ਹਨ। ਪ੍ਰਸ਼ਨ ਅਜਿਹੇ ਹੋਣੇ ਚਾਹੀਦੇ ਹਨ ਜੋ ਬੱਚਿਆਂ ਨੂੰ ਚੀਜ਼ਾਂ ਨੂੰ ਲੱਭਣ, ਉਨ੍ਹਾਂ ਦੇ ਬਾਰੇ ਵਿੱਚ ਤਰਕ ਕਰਨ, ਕਲਪਨਾ ਕਰਨ, ਭਵਿੱਖਬਾਣੀ ਕਰਨ ਅਤੇ ਚੀਜ਼ਾਂ ਅਤੇ ਘਟਨਾਵਾਂ ਦਾ ਆਪਣੇ ਅਨੁਭਵਾਂ ਨਾਲ ਸਬੰਧ ਬੈਠਾਉਣ ਲਈ ਪ੍ਰੇਰਿਤ ਕਰਨ। ਜਿਵੇਂ ਢੁਕਵੇਂ ਚਿੱਤਰ 'ਤੇ ਆਧਾਰਿਤ ਇਹ ਪ੍ਰਸ਼ਨ ਬੱਚਿਆਂ ਤੋਂ ਸਵਾਲ ਪੁੱਛਕੇ ਗੱਲਬਾਤ ਨੂੰ ਅੱਗੇ ਵਧਾਉਣ ਦਾ ਇੱਕ ਨਮੂਨਾ ਪੇਸ਼ ਕਰਦੇ ਹਨ–

ਦਰੱਖਤ ਦੇ ਹੇਠ ਕੀ ਕੀ ਰੱਖਿਆ ਹੈ ? (ਲੱਭਣਾ)

ਖੂਹ ਦੇ ਕੋਲ ਖੜ੍ਹੀ ਬੱਚੀ ਕਿਉਂ ਰੋ ਰਹੀ ਹੈ ? (ਤਰਕ ਕਰਨਾ)

ਪਿੰਡ ਵਿੱਚ ਖੜ੍ਹੀਆਂ ਔਰਤਾਂ ਕੀ ਗੱਲਾਂ ਕਰ ਰਹੀਆਂ ਹੋਣਗੀਆਂ ? (ਕਲਪਨਾ ਕਰਨਾ)

ਔਰਤਾਂ ਘਰ ਜਾ ਕੇ ਕੀ ਕਰਨਗੀਆਂ ? (ਭਵਿੱਖਬਾਣੀ ਕਰਨੀ)

ਕੀ ਤੁਸੀਂ ਕਦੇ ਪਿੰਡ ਗਏ ਹੋ ਜੇਕਰ ਹਾਂ ਤਾਂ ਤੁਸੀਂ ਉੱਥੇ ਕੀ ਕੀ ਦੇਖਿਆ ? (ਸਬੰਧ ਬਣਾਉਣਾ)

**ਆਪਣੀ ਪ੍ਰਗਤੀ ਨੂੰ ਪਰਖੋ**–71.
ਚਿੱਤਰ ਦਿਖਾ ਕੇ ਬੱਚਿਆਂ ਤੋਂ ਇਹ ਸਵਾਲ ਪੁੱਛਣਾ ਕਿ ਦਰੱਖਤ ਦੇ ਹੇਠ ਕੀ ਕੀ ਰੱਖਿਆ ਹੈ, ਉਨ੍ਹਾਂ ਨੂੰ ਕਿਹੜਾ ਮੌਕਾ ਦਿੰਦਾ ਹੈ ?(ੳ) ਤਰਕ ਕਰਨਾ (ਅ) ਲੱਭਣਾ(ੲ) ਕਲਪਨਾ ਕਰਨਾ (ਸ) ਸਬੰਧ




ਇਸ ਚਿੱਤਰ 'ਤੇ ਬੱਚਿਆਂ ਨਾਲ ਕੀ ਕੀ ਗੱਲਬਾਤ ਕੀਤੀ ਜਾ ਸਕਦੀ ਹੈ ? ਇਸ ਲਈ ਪ੍ਰਸ਼ਨ ਬਣਾਓ ਅਤੇ ਤੀਜੀ ਕਲਾਸ ਦੇ ਬੱਚਿਆਂ ਨਾਲ ਇਹ ਅਭਿਆਸ ਕਰੋ ਅਤੇ ਆਪਣੇ ਅਨੁਭਵਾਂ ਨੂੰ ਲਿਖੋ।——————————————————————————————————————————————————————————————————————————————————————

### 4.4.3 ਕਹਾਣੀ ਸੁਣਨਾ ਅਤੇ ਸੁਣਾਉਣਾ

ਕਹਾਣੀਆਂ ਸੁਣਨਾ-ਸੁਣਾਉਣਾ ਪ੍ਰਾਇਮਰੀ ਕਲਾਸਾਂ ਵਿੱਚ ਬੱਚਿਆਂ ਨੂੰ ਭਾਸ਼ਾ ਸਿਖਾਉਣ ਵਿੱਚ ਬਹੁਤ ਮਦਦ ਕਰਦਾ ਹੈ। ਕਹਾਣੀ ਸੁਣਨਾ ਬੱਚਿਆਂ ਲਈ ਦਿਲਚਸਪ ਹੋਣ ਦੇ ਨਾਲ ਨਾਲ ਉਨ੍ਹਾਂ ਦੀ ਸਿਰਜਣਾਤਮਕਾ ਨੂੰ ਵੀ ਵਧਾਉਣ ਵਾਲਾ ਹੁੰਦਾ ਹੈ। ਕਈ ਵਾਰ ਬੱਚੇ ਸੁਣੀ ਹੋਈ ਕਹਾਣੀ ਵਿੱਚ ਮਨਚਾਹੀ ਤਬਦੀਲੀ ਕਰਕੇ ਆਪਣੇ ਦੋਸਤਾਂ ਨੂੰ ਸੁਣਾਉਂਦੇ ਹਨ। ਇਸ ਰਾਹੀਂ ਬੱਚੇ ਨਾ ਕੇਵਲ ਸ਼ਬਦਾਂ ਦੇ ਅਰਥ ਬਲਕਿ ਵਿਭਿੰਨ ਘਟਨਾਵਾਂ ਨੂੰ ਵੀ ਸਮਝਣ ਲੱਗਦੇ ਹਨ ਅਤੇ ਨਾਲ ਹੀ ਇਹ ਬੱਚਿਆਂ ਦੀ ਕਲਪਨਾਸ਼ੀਲਤਾ ਨੂੰ ਵੀ ਵਧਾਉਂਦੀ ਹੈ। ਕਹਾਣੀ ਇਸ ਲਈ ਵੀ ਮਹੱਤਵਪੂਰਨ ਹੈ ਕਿ ਇਹ ਬੱਚਿਆਂ ਵਿੱਚ ਅਨੁਮਾਨ ਲਗਾਉਣ ਦੀ ਸਮਰੱਥਾ ਵਧਾਉਂਦੀ ਹੈ ਜਿਵੇਂ ਜਦੋਂ ਕਦੇ ਬੱਚੇ ਕਹਾਣੀ ਸੁਣ ਰਹੇ ਹੁੰਦੇ ਹਨ ਤਾਂ ਉਨ੍ਹਾਂ ਦੀ ਜਗਿਆਸਾ ਲਗਾਤਾਰ ਬਣੀ ਰਹਿੰਦੀ ਹੈ ਕਿ ਅੱਗੇ ਕੀ ਹੋਏਗਾ? ਉਹ ਆਪਣੇ ਪੱਧਰ 'ਤੇ ਅਨੁਮਾਨ ਲਗਾਉਂਦੇ ਰਹਿੰਦੇ ਹਨ ਅਤੇ ਜੇਕਰ ਕਹਾਣੀ ਉਨ੍ਹਾਂ ਦੀ ਸੋਚ ਦੇ ਅਨੁਰੂਪ ਅੱਗੇ ਵਧਦੀ ਹੈ ਤਾਂ ਉਹ ਜ਼ਿਆਦਾ ਆਤਮਵਿਸ਼ਵਾਸੀ ਹੋਣ ਲੱਗਦੇ ਹਨ ਅਤੇ ਸਮੇਂ ਦੇ ਨਾਲ ਨਾਲ ਉਨ੍ਹਾਂ ਦੇ ਅਨੁਮਾਨ ਜ਼ਿਆਦਾ ਸਟੀਕ ਹੁੰਦੇ ਜਾਂਦੇ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਕਹਾਣੀਆਂ ਉਨ੍ਹਾਂ ਨੂੰ ਭਵਿੱਖੀ ਜੀਵਨ ਲਈ ਤਿਆਰ ਕਰਨ ਵਿੱਚ ਵੀ ਮਦਦਗਾਰ ਹੁੰਦੀਆਂ ਹਨ। ਜਿਵੇਂ ਖਰਗੋਸ਼-ਸ਼ੇਰ ਵਾਲੀ ਕਹਾਣੀ ਬੱਚਿਆਂ ਨੂੰ ਜੀਵਨ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਦਾ ਸਾਹਮਣਾ ਕਰਨ ਸਬੰਧੀ ਮਾਨਸਿਕ ਰੂਪ ਨਾਲ ਤਿਆਰ ਕਰਦੀ ਹੈ। ਕਹਾਣੀਆਂ ਸੁਣਾਉਂਦੇ ਸਮੇਂ ਅਸੀਂ ਆਪਣੇ ਜੀਵਨ ਦੇ ਅਨੁਭਵਾਂ ਨੂੰ ਵੀ ਉਨ੍ਹਾਂ ਵਿੱਚ ਸ਼ਾਮਲ ਕਰਦੇ ਜਾਂਦੇ ਹਾਂ। ਕਈ ਵਾਰ ਸੁਣਾਉਣ ਵਾਲੇ ਨੂੰ ਉਸ ਵਿੱਚ ਕੋਈ ਗੱਲ ਜ਼ਿਆਦਾ ਮਹੱਤਵਪੂਰਨ ਲੱਗਦੀ ਹੈ ਤਾਂ ਉਹ ਉਸ ਹਿੱਸੇ ਨੂੰ ਵਧਾ ਚੜ੍ਹਾ ਕੇ ਵੀ ਸੁਣਾਉਂਦਾ ਹੈ। ਅਜਿਹਾ ਕਰਦੇ ਸਮੇਂ ਜੀਵਨ ਦੀਆਂ ਘਟਨਾਵਾਂ, ਚਰਿੱਤਰਾਂ ਆਦਿ ਨੂੰ ਘੜਨਾ ਅਤੇ ਉਸ ਰਾਹੀਂ ਸੁਣਨ ਵਾਲੇ ਦਾ ਧਿਆਨ ਆਕਰਸ਼ਿਤ ਕਰਨਾ ਮੁੱਖ ਉਦੇਸ਼ ਹੁੰਦਾ ਹੈ। ਨਾਲ ਹੀ ਸੁਣਾਉਣ ਵਾਲੇ ਦਾ ਤਰੀਕਾ ਅਤੇ ਹਾਵ ਭਾਵ ਨਾਲ ਸੁਣੇ ਗਏ ਸ਼ਬਦ ਨਾਲ ਉਸ ਦੇ ਅਰਥ ਦਾ ਅਨੁਮਾਨ ਵੀ ਲਗਾ ਲੈਂਦੇ ਹਨ। ਇਹ ਉਨ੍ਹਾਂ ਦੇ ਸ਼ਬਦਕੋਸ਼, ਸੁਣਨ-ਸਮਝਣ ਅਤੇ ਅਨੁਮਾਨ ਲਗਾਉਣ ਦੀ ਸਮਰੱਥਾ ਵਿੱਚ ਵੀ ਵਾਧਾ ਕਰਦਾ ਹੈ।

ਕਹਾਣੀ ਸੁਣਾ ਕੇ ਉਸ 'ਤੇ ਚਰਚਾ ਕਰਨੀ ਥੋੜ੍ਹਾ ਮੁਸ਼ਕਲ ਕੰਮ ਹੈ, ਪਰ ਜੇਕਰ ਅਧਿਆਪਕ ਦੀ ਤਿਆਰੀ ਹੋਵੇ ਕਿ ਚਰਚਾ ਦਾ ਉਦੇਸ਼ ਕੀ ਹੈ ਤਾਂ ਇਹ ਕਾਫ਼ੀ ਆਸਾਨ ਅਤੇ ਸਫਲ ਸਾਧਨ ਬਣ ਸਕਦਾ ਹੈ। ਜ਼ਿਆਦਾਤਰ ਅਧਿਆਪਕਾਂ ਨੂੰ ਲੱਗਦਾ ਹੈ ਕਿ ਕਹਾਣੀ ਸੁਣਾਉਂਦੇ ਹੀ ਉਸ ਨਾਲ ਕੀ ਸਿੱਖਿਆ ਮਿਲਦੀ ਹੈ, ਇਹ ਪ੍ਰਸ਼ਨ ਪੁੱਛਣਾ ਉਸ ਦਾ ਅਧਿਕਾਰ ਹੈ ਜਦੋਂ ਬੱਚਿਆਂ ਦੇ ਨਾਲ ਸਾਰਥਿਕ ਸੰਵਾਦ ਦੀ ਸ਼ੁਰੂਆਤ ਲਈ ਇਹ ਪ੍ਰਸ਼ਨ ਬਿਲਕੁਲ ਵੀ ਠੀਕ ਨਹੀਂ ਹੈ।

ਬੱਚਿਆਂ ਨੂੰ ਕਹਾਣੀ ਸੁਣਾਉਣਾ ਜਿੰਨਾ ਜ਼ਿਆਦਾ ਜ਼ਰੂਰੀ ਹੈ, ਉਂਨਾ ਹੀ ਜ਼ਰੂਰੀ ਹੈ ਉਨ੍ਹਾਂ ਤੋਂ ਕਹਾਣੀ ਸੁਣਨਾ। ਇਸ ਨਾਲ ਬੱਚਿਆਂ ਵਿੱਚ ਆਪਣੇ ਆਪ ਨੂੰ ਪ੍ਰਗਟ ਕਰਨ ਦੀ ਸਮਰੱਥਾ ਦਾ ਵਿਕਾਸ ਹੁੰਦਾ ਹੈ। ਅਧਿਆਪਕ ਵੱਲੋਂ ਸੁਣਾਈ ਗਈ ਕਹਾਣੀ ਨੂੰ ਦੁਹਰਾਉਣ ਦੀ ਬਜਾਏ ਬੱਚਿਆਂ ਤੋਂ ਉਨ੍ਹਾਂ ਦੀ ਮਰਜ਼ੀ ਦੀ ਕਹਾਣੀ ਸੁਣਨਾ ਜ਼ਿਆਦਾ ਫਾਇਦੇਮੰਦ ਹੁੰਦਾ ਹੈ। ਕਹਾਣੀ ਦੇ ਵਿਅਕਤੀਤਵ ਜਾਂ ਚਰਿੱਤਰ ਦੇ ਬਾਰੇ ਵਿੱਚ ਪ੍ਰਤੀਕਿਰਿਆ ਦਿੰਦੇ ਸਮੇਂ ਉਹ ਆਪਣੇ ਅਨੁਭਵਾਂ ਨੂੰ ਵੀ ਉਸ ਵਿੱਚ ਸ਼ਾਮਲ ਕਰਦਾ ਹੈ। ਹਰੇਕ ਬੱਚੇ ਨੂੰ ਕਲਾਸ ਵਿੱਚ ਇਸ ਗੱਲ ਦੀ ਆਜ਼ਾਦੀ ਦੇਣੀ ਹੋਏਗੀ ਕਿ ਉਹ ਕਹਾਣੀ ਦੇ ਬਾਰੇ ਵਿੱਚ ਕਿਸੀ ਵੀ ਤਰ੍ਹਾਂ ਦੀ ਗੱਲ ਕਰਨ, ਉਸ ਦੀ ਕਲਪਨਾ ਨੂੰ ਵਧਾ ਚੜ੍ਹਾ ਕੇ ਦੱਸਣ।

## ਆਪਣੀ ਪ੍ਰਗਤੀ ਨੂੰ ਪਰਖੋ–8

1. ਬੱਚਿਆਂ ਨੂੰ ਕਹਾਣੀ ਸੁਣਾਉਣ ਦੇ ਨਾਲ ਨਾਲ ਹੋਰ ਕੀ ਜ਼ਰੂਰੀ ਹੈ ?

   (ੳ) ਕਹਾਣੀ ਪੜ੍ਹਾਉਣਾ (ਅ) ਕਹਾਣੀ ਯਾਦ ਕਰਾਉਣਾ

   (ੲ) ਹੂਬਹੂ ਕਹਾਣੀ ਕਹਾਉਣਾ (ਸ) ਕਹਾਣੀ ਸੁਣਨਾ

2. ਕਲਾਸ ਪਹਿਲੀ, ਦੂਜੀ ਵਿੱਚ ਬੱਚਿਆਂ ਨਾਲ ਗੱਲ ਕਰਦੇ ਸਮੇਂ ਪੁੱਛੋ ਕਿ ਉਨ੍ਹਾਂ ਨੂੰ ਕਿਹੜੀਆਂ ਕਹਾਣੀਆਂ ਸੁਣਨਾ ਪਸੰਦ ਹੈ ? ਬੱਚੇ ਜੋ ਨਾਂ ਦੱਸਣ, ਉਨ੍ਹਾਂ ਨੂੰ ਬੋਰਡ ’ਤੇ ਲਿਖਦੇ ਜਾਓ। ਫਿਰ ਇਨ੍ਹਾਂ ਨਾਮਾਂ ਦਾ ਪ੍ਰਯੋਗ ਕਰਦੇ ਹੋਏ ਬੱਚਿਆਂ ਨੂੰ ਕਹਾਣੀ ਬਣਾਉਣ ਲਈ ਕਹੋ।

   ________________________________

   ________________________________

   ________________________________

3. ਕਹਾਣੀ ਬਣਾਉਂਦੇ ਸਮੇਂ ਹਰ ਬੱਚਾ ਇੱਕ ਇੱਕ ਵਾਕ ਬੋਲਦਾ ਜਾਏ, ਤੁਸੀਂ ਉਨ੍ਹਾਂ ਵਾਕਾਂ ਨੂੰ ਬੋਰਡ ’ਤੇ ਲਿਖਦੇ ਜਾਓ। ਆਪਣੇ ਇਸ ਅਨੁਭਵ ਦੇ ਬਾਰੇ ਵਿੱਚ ਨਿਮਨ ਬਿੰਦੂਆਂ ਦੇ ਅਨੁਸਾਰ ਲਿਖੋ–

   (1) ਉਹ ਕਿਹੜੇ ਕਿਹੜੇ ਸ਼ਬਦ ਸਨ ਜਿਨ੍ਹਾਂ ’ਤੇ ਕਹਾਣੀ ਬਣਾਈ ?

   (2) ਬੱਚਿਆਂ ਵੱਲੋਂ ਬਣਾਈ ਕਹਾਣੀ ਕੀ ਸੀ ?

   (3) ਇਸ ਗਤੀਵਿਧੀ ਦੇ ਦੌਰਾਨ ਤੁਹਾਡੀ ਕੀ ਭੂਮਿਕਾ ਰਹੀ ?

   ਗਤੀਵਿਧੀ ਕਰਾਉਂਦੇ ਸਮੇਂ ਤੁਹਾਨੂੰ ਕਿਹੜੀਆਂ ਕਿਹੜੀਆਂ ਸਮੱਸਿਆਵਾਂ ਆਈਆਂ ?

### 4.4.4 ਨਾਟਕ/ਥਿਏਟਰ/ਡਰਾਮੇ ਰਾਹੀਂ ਭਾਸ਼ਾਈ ਵਿਕਾਸ

ਬੱਚਿਆਂ ਲਈ ਨਾਟਕ ਕੋਈ ਨਵੀਂ ਚੀਜ਼ ਨਹੀਂ ਹੈ। ਅਸੀਂ ਅਕਸਰ ਬੱਚਿਆਂ ਨੂੰ ਕਾਰਟੂਨ ਜਾਂ ਫਿਲਮ ਦੇ ਪਾਤਰਾਂ ਦੀ ਨਕਲ, ਆਪਣੇ ਮੰਮੀ-ਪਾਪਾ, ਗੁੱਡੀ ਦਾ ਵਿਆਹ, ਸਕੂਲ-ਸਕੂਲ ਆਦਿ ਖੇਡ ਖੇਡਦੇ ਦੇਖਦੇ ਹਾਂ। ਇਸ ਤਰ੍ਹਾਂ ਨਾਲ ਬੱਚੇ ਖੇਡ ਖੇਡ ਵਿੱਚ ਕਿਸੇ ਦੀ ਨਕਲ ਉਤਾਰਨੀ, ਕਿਸੇ ਚੀਜ਼ ਨੂੰ ਵਧਾ ਚੜ੍ਹਾ ਕੇ ਦੱਸਣਾ, ਬਹਾਨੇ ਬਣਾਉਣਾ ਵਰਗੇ ਕਈ ਨਾਟਕ ਕਰਦੇ ਰਹਿੰਦੇ ਹਨ। ਹਰ ਬੱਚੇ ਵਿੱਚ ਇੱਕ ਨਾਟਕੀ ਹੁਨਰ ਹੁੰਦਾ ਹੈ, ਪਰ ਉਨ੍ਹਾਂ ਨੂੰ ਕਲਾਸ ਵਿੱਚ ਇਸ ਹੁਨਰ ਦਾ ਪ੍ਰਯੋਗ ਕਰਨ ਦਾ ਮੌਕਾ ਨਹੀਂ ਮਿਲਦਾ। ਇਸ ਦਾ ਕਾਰਨ ਇਹ ਵੀ ਹੈ ਕਿ ਨਾਟਕ ਅਭਿਨੈ ਵਰਗੀਆਂ ਗਤੀਵਿਧੀਆਂ ਨੂੰ ਸਕੂਲ ਵਿੱਚ ਸਾਲਾਨਾ ਉਤਸਵ ਜਾਂ ਕਿਸੇ ਵਿਸ਼ੇਸ ਮਹਿਮਾਨ ਦੇ ਸਾਹਮਣੇ ਪ੍ਰਦਰਸ਼ਨ ਲਈ ਹੀ ਕਰਾਇਆ ਜਾਂਦਾ ਹੈ। ਇਸ ਸਥਿਤੀ ਵਿੱਚ ਵੀ ਸੰਵਾਦ ਅਧਿਆਪਕਾਂ ਵੱਲੋਂ ਲਿਖੇ ਹੁੰਦੇ ਹਨ ਅਤੇ ਪ੍ਰਦਰਸ਼ਨ ਦੇ ਸਮੇਂ ਬੱਚਿਆਂ ਵਿੱਚ ਹਮੇਸ਼ਾ ਹੀ ਗਲਤੀ ਹੋਣ ਦਾ ਡਰ ਬਣਿਆ ਰਹਿੰਦਾ ਹੈ।

ਅਭਿਨੈ ਨੂੰ ਰੋਜ਼ਾਨਾ ਦੀ ਕਲਾਸ ਗਤੀਵਿਧੀ ਦੇ ਰੂਪ ਵਿੱਚ ਵਰਤਣਾ ਇਸ ਤੋਂ ਕਾਫ਼ੀ ਅਲੱਗ ਹੈ। ਇੱਕ ਭਾਸ਼ਾਈ ਗਤੀਵਿਧੀ ਦੇ ਰੂਪ ਵਿੱਚ ਨਾਟਕ ਵਿੱਚ ਦੋ ਗੱਲਾਂ ਨੂੰ ਸ਼ਾਮਲ ਕਰਨਾ ਜ਼ਰੂਰੀ ਹੈ- ਆਜ਼ਾਦੀ ਅਤੇ ਆਨੰਦ। ਨਾਟਕ ਨੂੰ ਕਲਾਸ ਵਿੱਚ ਕਰਾਉਣ ਲਈ ਅਧਿਆਪਕ ਅਤੇ ਬੱਚਿਆਂ ਨੂੰ ਕੋਈ ਵਿਸ਼ੇਸ਼ ਤਿਆਰੀ ਦੀ ਜ਼ਰੂਰਤ ਨਹੀਂ ਹੁੰਦੀ। ਬਸ ਅਧਿਆਪਕ ਨੂੰ ਇੰਨਾ ਕਰਨਾ ਹੁੰਦਾ ਹੈ ਕਿ ਉਹ ਬੱਚਿਆਂ ਨੂੰ ਸੁਭਾਵਿਕ ਰੂਪ ਨਾਲ ਆਪਣੇ ਅਨੁਭਵਾਂ ਦੇ ਬਾਰੇ ਵਿੱਚ ਗੱਲ ਕਰਨ ਲਈ ਪ੍ਰੋਤਸਾਹਿਤ ਕਰੇ। ਪ੍ਰਾਇਮਰੀ ਪੱਧਰ 'ਤੇ ਤਾਂ ਅਭਿਨੈ ਲਈ ਕਿਸੇ ਵੀ ਅਜਿਹੀ ਘਟਨਾ, ਕਹਾਣੀ ਜਾਂ ਕਾਰਟੂਨ ਨੂੰ ਲਿਆ ਜਾ ਸਕਦਾ ਹੈ ਜੋ ਬੱਚੇ ਆਪਣੇ ਆਸਪਾਸ ਦੇਖਦੇ ਹਨ। ਜਿਵੇਂ ਕੋਈ ਜਾਨਵਰ, ਉਸ ਦੀ ਚਾਲ, ਉਸ ਦਾ ਰੰਗ ਰੂਪ ਆਦਿ। ਉੱਚ ਪ੍ਰਾਇਮਰੀ ਪੱਧਰ 'ਤੇ ਅਧਿਆਪਕ ਬੱਚਿਆਂ ਨੂੰ ਇਸ ਗੱਲ ਲਈ ਪ੍ਰੇਰਿਤ ਕਰਨ ਕਿ ਉਹ ਛੋਟੇ ਛੋਟੇ ਸਮੂਹਾਂ ਵਿੱਚ ਖੁਦ ਹੀ ਨਾਟਕ ਦਾ ਵਿਸ਼ਾ ਚੁਣਨ, ਖੁਦ ਹੀ ਉਸ ਦੇ ਸੰਵਾਦ ਲਿਖਣ ਅਤੇ ਅਭਿਨੈ ਕਰਨ। ਨਾਲ ਹੀ ਬੱਚਿਆਂ ਨੂੰ ਪਰੰਪਰਿਕ ਖੇਡਾਂ ਅਤੇ ਲੋਕ ਕਥਾਵਾਂ ਦਾ ਅਭਿਨੈ ਕਰਨ ਲਈ ਵੀ ਉਤਸ਼ਾਹਿਤ ਕਰਨਾ ਚਾਹੀਦਾ ਹੈ ਜਿਸ ਨਾਲ ਉਨ੍ਹਾਂ ਵਿੱਚ ਸਿਰਜਣਾਤਮਕਤਾ ਦੇ ਵਿਕਾਸ ਦੇ ਨਾਲ ਨਾਲ ਆਪਣੇ ਸੰਸਕ੍ਰਿਤਕ ਵਾਤਾਵਰਣ ਨਾਲ ਵੀ ਲਗਾਅ ਵਧੇ।

### 4.4.5 ਸਹਿ ਸਿੱਖਿਆ ਗਤੀਵਿਧੀਆਂ

ਕਲਾਸ ਵਿੱਚ ਬੱਚਿਆਂ ਨੂੰ ਸੁਣਨ, ਬੋਲਣ ਦੇ ਮੌਕੇ ਦੇਣ ਲਈ ਕੁਝ ਹੋਰ ਗਤੀਵਿਧੀਆਂ ਵੀ ਕਰਵਾਈਆਂ ਜਾ ਸਕਦੀਆਂ ਹਨ। ਜੋ ਬੱਚਿਆਂ ਨੂੰ ਖੁਦ ਸੋਚ ਵਿਚਾਰ ਕੇ ਉਸ ਨੂੰ ਆਪਣੇ ਸ਼ਬਦਾਂ ਵਿੱਚ ਪੇਸ਼ ਕਰਨ ਦੇ ਮੌਕੇ ਦੇਣ। ਜਿਵੇਂ ਬਿਨਾਂ ਤਿਆਰੀ ਦੀਆਂ ਗਤੀਵਿਧੀਆਂ ਜਿਸ ਵਿੱਚ ਬੱਚਿਆਂ ਨੂੰ ਦਿੱਤੇ ਗਏ ਵਿਸ਼ੇ 'ਤੇ ਤੁਰੰਤ ਆਪਣੇ ਵਿਚਾਰ ਪੇਸ਼ ਕਰਨੇ ਹੁੰਦੇ ਹਨ। ਇਸ ਨੂੰ ਰੌਚਕ ਬਣਾਉਣ ਲਈ ਅਜਿਹੇ ਮਨੋਰੰਜਕ ਵਿਸ਼ੇ ਰੱਖੇ ਜਾ ਸਕਦੇ ਹਨ ਜਿਸ ਨਾਲ ਬੱਚੇ ਆਨੰਦ ਲੈਂਦੇ ਹੋਏ ਬੋਲ ਜਾਂ ਸੁਣ ਸਕਣ ਜਿਵੇਂ-' ਜੇਕਰ ਮੈਨੂੰ ਅਲਾਦੀਨ ਦਾ ਚਿਰਾਗ ਮਿਲ ਜਾਵੇ', 'ਜੇਕਰ ਮੈਂ ਜਾਦੂਗਰ ਹੁੰਦਾ', 'ਜੇਕਰ ਮੈਂ ਜੋਕਰ ਹੁੰਦਾ' ਆਦਿ। ਦੂਜੀ ਗਤੀਵਿਧੀ ਹੈ ਵਾਦ ਵਿਵਾਦ। ਇਸ ਵਿੱਚ ਬੱਚਿਆਂ ਨੂੰ ਕਿਸੇ ਵਿਸ਼ੇ ਦੇ ਪੱਖ ਜਾਂ ਵਿਰੋਧ ਵਿੱਚ ਆਪਣੇ ਵਿਚਾਰ ਪੇਸ਼ ਕਰਨੇ ਹੁੰਦੇ ਹਨ ਅਤੇ ਵਿਰੋਧੀ ਵਿਚਾਰਾਂ ਦੇ ਸਾਹਮਣੇ ਅਜਿਹੇ ਮਜ਼ਬੂਤ ਤਰਕ ਰੱਖਣੇ ਹੁੰਦੇ ਹਨ ਜਿਸ ਨਾਲ ਵਕਤਾ ਆਪਣੀ ਗੱਲ ਨਾਲ ਜ਼ਿਆਦਾ ਤੋਂ ਜ਼ਿਆਦਾ ਸਰੋਤਾਵਾਂ ਨੂੰ ਪ੍ਰਭਾਵਿਤ ਕਰੇ ਅਤੇ ਉਨ੍ਹਾਂ ਨੂੰ ਸਹਿਮਤ ਕਰ ਸਕੇ। ਜਿਵੇਂ 'ਉਦਯੋਗ: ਵਰਦਾਨ ਜਾਂ ਸਰਾਪ', 'ਫਾਸਟਫੂਡ ਬਨਾਮ ਤੰਦਰੁਸਤੀ'। ਇਸ ਤਰ੍ਹਾਂ ਦੀਆਂ ਗਤੀਵਿਧੀਆਂ ਸਾਰੀਆਂ ਕਲਾਸਾਂ ਦੇ ਬੱਚਿਆਂ ਦੇ ਨਾਲ ਕੀਤੀਆਂ ਜਾ ਸਕਦੀਆਂ ਹਨ। ਇਨ੍ਹਾਂ ਰਾਹੀਂ ਬੱਚਿਆਂ ਨੂੰ ਅਜਿਹੇ ਅਵਸਰ ਮਿਲਦੇ ਹਨ ਜਿਸ ਨਾਲ ਕਿ ਉਹ ਵਿਚਾਰਾਂ ਅਤੇ ਬੋਲਣ ਦੇ ਸਬੰਧ ਵਿੱਚ ਬੈਠਾ ਸਕਦੇ ਹਨ, ਉਨ੍ਹਾਂ ਨੂੰ

ਵਿਵਸਥਿਤ ਕ੍ਰਮ ਵਿੱਚ ਜਮਾਉਂਦੇ ਹਨ ਅਤੇ ਤਰਕ ਨਾਲ ਆਪਣੇ ਅਨੁਭਵਾਂ ਨੂੰ ਜੋੜਦੇ ਹੋਏ ਪ੍ਰਭਾਵੀ ਵਕਤਾ ਅਤੇ ਕੁਸ਼ਲ ਸਰੋਤਾ ਬਣਦੇ ਹਨ।

ਇਸ ਲਈ ਅਧਿਆਪਕ ਨੂੰ ਸ਼ੁਰੂ ਤੋਂ ਹੀ ਬੱਚਿਆਂ ਵਿੱਚ ਧੀਰਜ ਨਾਲ ਸੁਣਨ ਅਤੇ ਦੂਜਿਆਂ ਦੇ ਵਿਚਾਰਾਂ ਦਾ ਸਨਮਾਨ ਕਰਨ ਦੀ ਆਦਤ ਵਿਕਸਤ ਕਰਨੀ ਚਾਹੀਦੀ ਹੈ।

**ਆਪਣੀ ਪ੍ਰਗਤੀ ਨੂੰ ਪਰਖੋ: 9**

1. ਬੱਚਿਆਂ ਵੱਲੋਂ ਖੇਡ ਖੇਡ ਵਿੱਚ ਕਿਸੇ ਦੀ ਨਕਲ ਉਤਾਰਨੀ, ਕਿਸੇ ਚੀਜ਼ ਨੂੰ ਵਧਾ ਚੜ੍ਹਾ ਕੇ ਕਹਿਣਾ, ਬਹਾਨੇ ਬਣਾਉਣਾ ਇਹ ਦਰਸਾਉਂਦਾ ਹੈ ਕਿ ਬੱਚੇ ਵਿੱਚ ਕਿਹੜਾ ਹੁਨਰ ਹੈ-

   (ੳ) ਬੋਲਣ ਦਾ ਹੁਨਰ (ਅ) ਗੱਲਬਾਤ ਕਰਨ ਦਾ ਹੁਨਰ

   (ੲ) ਯਾਦ ਕਰਨ ਦਾ ਹੁਨਰ (ਸ) ਨਾਟਕੀ ਹੁਨਰ

2. ਕੋਈ ਦਿਲਚਸਪ ਵਿਸ਼ਾ ਚੁਣ ਕੇ ਸੱਤਵੀਂ ਕਲਾਸ ਵਿੱਚ ਬਿਨਾਂ ਤਿਆਰੀ ਗਤੀਵਿਧੀ ਕਰਾਓ ਅਤੇ ਆਪਣੇ ਅਨੁਭਵ ਲਿਖੋ।

   ———————————————————————————————

   —

   ———————————————————————————————

## 4.5 ਸਟੀਕਤਾ ਅਤੇ ਰਵਾਨੀ

ਭਾਸ਼ਾਈ ਪ੍ਰਵੀਨਤਾ ਵਿੱਚ ਸਟੀਕਤਾ ਅਤੇ ਰਵਾਨੀ ਦੋ ਤੱਤ ਸ਼ਾਮਲ ਹਨ। ਬੱਚੇ ਦੇ ਭਾਸ਼ਾ ਸਿੱਖਣ ਵਿੱਚ ਇਨ੍ਹਾਂ ਦੀ ਕੀ ਭੂਮਿਕਾ ਹੈ ਅਤੇ ਅਧਿਆਪਕ ਹੋਣ ਦੇ ਨਾਤੇ ਬੱਚਿਆਂ ਨੂੰ ਭਾਸ਼ਾ ਸਿਖਾਉਂਦੇ ਸਮੇਂ ਕਿਸ ’ਤੇ ਧਿਆਨ ਦੇਣਾ ਜ਼ਿਆਦਾ ਮਹੱਤਵਪੂਰਨ ਹੈ? ਇਨ੍ਹਾਂ ਸਾਰੀਆਂ ਗੱਲਾਂ ’ਤੇ ਵਿਚਾਰ ਕਰਨਾ ਜ਼ਰੂਰੀ ਹੈ। ਉਹ ਸਮਰੱਥਾ ਜਿਸ ਵਿੱਚ ਸਿੱਖਣ ਵਾਲਾ ਸਹੀ ਵਿਆਕਰਨ ਅਤੇ ਸ਼ਬਦਾਵਲੀ ਦਾ ਉਪਯੋਗ ਕਰਦੇ ਹੋਏ ਵਾਕ ਦਾ ਸਹੀ-ਸਹੀ ਉਚਾਰਣ ਕਰਦਾ ਹੈ ‘ਸਟੀਕਤਾ’ ਕਹਾਉਂਦਾ ਹੈ। ਪ੍ਰਾਇਮਰੀ ਪੱਧਰ ਦੇ ਬੱਚੇ ਦੀ ਸਟੀਕਤਾ ਦਾ ਪੱਧਰ ਕਿਸੇ ਬਾਲਗ ਦੀ ਸਟੀਕਤਾ ਦੇ ਪੱਧਰ ਤੋਂ ਅਲੱਗ ਹੁੰਦਾ ਹੈ। ਜਿਵੇਂ ਕਿ ਤੀਜੀ ਇਕਾਈ ਵਿੱਚ ਅਸੀਂ ਪੜ੍ਹ ਚੁੱਕੇ ਹਾਂ ਕਿ ਬੱਚਾ ਬੋਲਣ ਦੇ ਹਰ ਪੱਧਰ ’ਤੇ ਗਲਤੀਆਂ ਕਰਦੇ ਹੋਏ ਭਾਸ਼ਾ ਸਿੱਖਦਾ ਹੈ। ਬੱਚੇ ਦੀਆਂ ਇਹ ਗਲਤੀਆਂ ਉਸ ਦੇ ਸਿੱਖਣ ਵਿੱਚ ਸਹਾਇਕ ਹੁੰਦੀਆਂ ਹੀ ਹਨ, ਨਾਲ ਹੀ ਉਹ ਗਲਤੀਆਂ ਕਰਦੇ ਹੋਏ ਵੀ ਭਾਸ਼ਾ ਦੇ ਨਿਯਮਾਂ ਦਾ ਪਾਲਣ ਕਰ ਰਿਹਾ ਹੁੰਦਾ ਹੈ। ਜਿਵੇਂ ਇੱਕ ਤਿੰਨ ਸਾਲ ਦਾ ਬੱਚਾ ਆਪਣੀ ਇੱਛਾ ਪ੍ਰਗਟਾਉਣ ਲਈ ਬੋਲਦਾ ਹੈ-

ਮੰਮੀ ਕਾਰ ਚਾਹੀਦੀ ਹੈ।

ਪਾਣੀ ਚਾਹੀਦਾ ਹੈ।

ਬੱਚਾ ਇਹ ਜਾਣਦਾ ਹੈ ਕਿ ਹਰੇਕ ਵਾਕ ਦੇ ਅੰਤ ਵਿੱਚ ‘ਹੈ’ ਬੋਲਿਆ ਜਾਂਦਾ ਹੈ ਅਤੇ ਇਸ ਲਈ ਉਹ ‘ਚਾਹੀਦਾ’ ਤੋਂ ਬਾਅਦ ‘ਹੈ’ ਦਾ ਪ੍ਰਯੋਗ ਕਰਦਾ ਹੈ। ਭਾਸ਼ਾਈ ਨਿਯਮ ਦੀ ਜੇਕਰ ਗੱਲ ਕੀਤੀ ਜਾਵੇ ਤਾਂ ‘ਚਾਹੀਦਾ’ ਆਪਣੇ ਆਪ ਵਿੱਚ ਇੱਕ ਸਹਾਇਕ ਕਿਰਿਆ ਹੈ ਜਿਵੇਂ -‘ਸਾਨੂੰ ਰਸਗੁੱਲਾ ਖਾਣਾ ਚਾਹੀਦਾ ਹੈ’ ਇਸ ਵਾਕ ਵਿੱਚ ‘ਚਾਹੀਦਾ’ ਦੇ ਨਾਲ ਦੂਜੀ ਸਹਾਇਕ ਕਿਰਿਆ ਦਾ ਪ੍ਰਯੋਗ ‘ਸੀ’ ਦੇ ਰੂਪ ਵਿੱਚ ਭੂਤਕਾਲ ਵਿੱਚ ਹੀ ਕੀਤਾ ਜਾਂਦਾ ਹੈ। ਜਿਵੇਂ-

'ਮੈਨੂੰ ਉੱਥੇ ਜਾਣਾ ਚਾਹੀਦਾ ਸੀ।' ਬੇਸ਼ੱਕ ਹੀ ਬੱਚਾ ਇਸ ਨਿਯਮ ਤੋਂ ਜਾਣੂ ਨਾ ਹੋਵੇ, ਪਰ ਉਹ ਇਸ ਦਾ ਉਪਯੋਗ ਕਰਦਾ ਹੈ।

ਭਾਸ਼ਾਈ ਪ੍ਰੀਵਨਤਾ ਦੇ ਸੰਦਰਭ ਵਿੱਚ 'ਰਵਾਨੀ' ਦਾ ਅਰਥ ਹੈ ਉਸ ਸਮਰੱਥਾ ਨਾਲ ਹੈ ਜਿਸ ਰਾਹੀਂ ਬੱਚਾ ਸਹਿਜਦਾ ਨਾਲ ਬੋਲ, ਪੜ੍ਹ ਅਤੇ ਲਿਖ ਕੇ ਆਪਣੇ ਆਪ ਨੂੰ ਪ੍ਰਗਟ ਕਰ ਸਕੇ। ਇਸ ਵਿੱਚ ਵਿਆਕਰਨ ਗਲਤੀਆਂ ਦੀ ਬਜਾਏ ਅਰਥ ਅਤੇ ਸੰਦਰਭ 'ਤੇ ਧਿਆਨ ਕੇਂਦਰਿਤ ਕੀਤਾ ਜਾਂਦਾ ਹੈ।

ਅੱਜ ਭਾਸ਼ਾ ਅਧਿਆਪਕਾਂ ਦੇ ਸਾਹਮਣੇ ਇੱਕ ਬਹੁਤ ਵੱਡੀ ਦੁਚਿਤੀ ਹੈ ਕਿ ਉਹ ਬੱਚਿਆਂ ਦੇ ਨਾਲ ਇਨ੍ਹਾਂ ਦੋਨਾਂ ਵਿੱਚ ਕਿਸ 'ਤੇ ਗੰਭੀਰਤਾ ਨਾਲ ਕੰਮ ਕਰਨ। ਸਾਡੇ ਸਾਹਮਣੇ ਦੋਨੋਂ ਹੀ ਨਜ਼ਰੀਏ ਉਪਲੱਬਧ ਹਨ। ਪਰੰਪਰਾਵਾਦੀ ਅਧਿਆਪਕ ਭਾਸ਼ਾ ਸਿੱਖਣ ਵਿੱਚ ਸਟੀਕਤਾ ਨੂੰ ਜ਼ਿਆਦਾ ਮਹੱਤਵ ਦਿੰਦੇ ਹਨ। ਉਹ ਬੱਚਿਆਂ 'ਤੇ ਵਿਆਕਰਣ ਦੀ ਦ੍ਰਿਸ਼ਟੀ ਨਾਲ ਸਹੀ ਲਿਖਣ ਅਤੇ ਬੋਲਣ ਦਾ ਜ਼ੋਰ ਦਿੰਦੇ ਹਨ। ਇਸ ਲਈ ਉਹ ਬਾਰ ਬਾਰ ਅਨੇਕ ਅਭਿਆਸਾਂ ਰਾਹੀਂ ਬੱਚਿਆਂ ਦੀ ਪਰਖ ਕਰਦੇ ਹਨ। ਜ਼ਿਆਦਾਤਰ ਕਲਾਸਾਂ ਵਿੱਚ ਬੱਚਿਆਂ ਨੂੰ ਆਪਣੀਆਂ ਗਲਤੀਆਂ ਪਛਾਣ ਕੇ ਸੁਧਾਰਨ ਦੇ ਮੌਕੇ ਨਾ ਦੇ ਬਰਾਬਰ ਦਿੱਤੇ ਜਾਂਦੇ ਹਨ। ਪ੍ਰੀਖਿਆ ਕੇਂਦਰ ਪੱਧਤੀ ਇਸੀ ਸਟੀਕਤਾਵਾਦੀ ਵਿਚਾਰ ਤੋਂ ਪ੍ਰਭਾਵਿਤ ਹੈ।

ਅਧਿਆਪਕਾਂ ਦਾ ਦੂਜਾ ਵਰਗ ਜਿਨ੍ਹਾਂ ਦਾ ਮੰਨਣਾ ਹੈ ਕਿ ਭਾਸ਼ਾ, ਸੰਚਾਰ ਅਤੇ ਅਨੁਭਵਾਂ ਦੇ ਪ੍ਰਗਟਾਵੇ ਦਾ ਸਾਧਨ ਹੈ। ਉਹ ਰਵਾਨੀ ਨੂੰ ਜ਼ਿਆਦਾ ਮਹੱਤਵ ਦਿੰਦੇ ਹਨ। ਉਹ ਵਿਆਕਰਨ ਦੀ ਬਜਾਏ ਅਰਥ ਅਤੇ ਸੰਦਰਭ ਨੂੰ ਸਮਝਣ 'ਤੇ ਜ਼ਿਆਦਾ ਧਿਆਨ ਦਿੰਦੇ ਹਨ ਅਤੇ ਇਸ 'ਤੇ ਜ਼ੋਰ ਦਿੰਦੇ ਹਨ ਕਿ ਉਹ ਰਵਾਨੀ ਵਿੱਚ ਬੋਲਦੇ ਹੋਏ ਆਪਣੇ ਵਿਚਾਰਾਂ ਨੂੰ ਇਸ ਪ੍ਰਕਾਰ ਪ੍ਰਗਟ ਕਰ ਸਕਣ ਕਿ ਸੁਣਨ ਵਾਲਾ ਉਸ ਨੂੰ ਸਹੀ ਅਰਥ ਵਿੱਚ ਹੀ ਸਮਝੇ। ਇਨ੍ਹਾਂ ਅਧਿਆਪਕਾਂ ਦਾ ਮੰਨਣਾ ਹੈ ਕਿ ਬੱਚੇ ਸ਼ੁਰੂ ਤੋਂ ਹੀ ਜਿੰਨਾ ਜ਼ਿਆਦਾ ਭਾਸ਼ਾ ਨੂੰ ਪ੍ਰਯੋਗ ਵਿੱਚ ਲਿਆਉਣਗੇ ਉਨ੍ਹਾਂ ਦੀ ਰਵਾਨੀ ਦਾ ਪੱਧਰ ਵਧੇਗਾ।

ਅਸਲ ਵਿੱਚ ਸਾਨੂੰ ਦੋਨੋਂ ਨਜ਼ਰੀਏ ਦੇਖਣ ਤੋਂ ਬਾਅਦ ਲੱਗਦਾ ਹੈ ਕਿ ਦੋਨੋਂ ਆਪਣੀ ਜਗ੍ਹਾ ਠੀਕ ਹਨ। ਸਮੁੱਚੇ ਰੂਪ ਨਾਲ ਭਾਸ਼ਾ ਸਿੱਖਣ ਲਈ ਬੱਚਿਆਂ ਨੂੰ ਦੋਨਾਂ ਵਿੱਚ ਕੁਸ਼ਲਤਾ ਹਾਸਲ ਕਰਨੀ ਜ਼ਰੂਰੀ ਹੈ। ਪਰ ਐਲੀਮੈਂਟਰੀ ਪੱਧਰ 'ਤੇ ਬੱਚਿਆਂ ਨੂੰ ਦੂਜੀ ਭਾਸ਼ਾ ਵਿੱਚ ਜ਼ਿਆਦਾ ਅਵਸਰ ਨਹੀਂ ਮਿਲਦੇ ਹਨ, ਇਸ ਲਈ ਸਾਨੂੰ ਸਟੀਕਤਾ 'ਤੇ ਜ਼ੋਰ ਨਾ ਦੇ ਕੇ ਉਨ੍ਹਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਬੋਲਣ ਦੇ ਮੌਕੇ ਉਪਲੱਬਧ ਕਰਾਉਂਦੇ ਹੋਏ ਰਵਾਨੀ 'ਤੇ ਧਿਆਨ ਦੇਣਾ ਚਾਹੀਦਾ ਹੈ। ਪ੍ਰਾਇਮਰੀ ਪੱਧਰ ਤੋਂ ਬਾਅਦ ਸਾਨੂੰ ਬੱਚਿਆਂ ਦੀ ਭਾਸ਼ਾ ਵਿੱਚ ਸਟੀਕਤਾ ਅਤੇ ਰਵਾਨੀ ਦਾ ਸੰਤੁਲਨ ਰੱਖਦੇ ਹੋਏ ਦੋਨਾਂ 'ਤੇ ਧਿਆਨ ਦੇਣਾ ਜ਼ਰੂਰੀ ਹੁੰਦਾ ਹੈ। ਦਸਵੀਂ ਤੱਕ ਆਉਂਦੇ ਆਉਂਦੇ ਬੱਚੇ ਰਵਾਨੀ ਨਾਲ ਭਾਸ਼ਾ ਦਾ ਪ੍ਰਯੋਗ ਕਰਨ ਲੱਗਦੇ ਹਨ, ਉਦੋਂ ਸਾਨੂੰ ਸਟੀਕਤਾ 'ਤੇ ਫੋਕਸ ਕਰਨਾ ਚਾਹੀਦਾ ਹੈ ਕਿਉਂਕਿ ਸਹੀ ਸਮੇਂ 'ਤੇ ਸਹੀ ਤਰੀਕੇ ਨਾਲ ਕੀਤੀ ਗਈ ਮਦਦ ਬੱਚਿਆਂ ਦੇ ਭਾਸ਼ਾਈ ਵਿਕਾਸ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

**ਆਪਣੀ ਪ੍ਰਗਤੀ ਨੂੰ ਪਰਖੋ: 10**

1. 'ਮੈਨੂੰ ਕਾਰ ਚਾਹੀਦੀ ਹੈ' ਇਸ ਵਾਕ ਵਿੱਚ 'ਚਾਹੀਦੀ' ਕੀ ਹੈ ?

   (ੳ) ਸਹਾਇਕ ਕਿਰਿਆ (ਅ) ਵਿਸ਼ੇਸ਼ਣ

   (ੲ) ਨਾਂਵ (ਸ) ਮੁੱਖ ਕਿਰਿਆ

2. ਸਟੀਕਤਾ ਅਤੇ ਰਵਾਨੀ ਨੂੰ ਆਪਣੇ ਸ਼ਬਦਾਂ ਵਿੱਚ ਸਪੱਸ਼ਟ ਕਰੋ।

   ________________________________

   ________________________________

   ________________________________

3. ਤੁਹਾਡੇ ਅਨੁਸਾਰ ਭਾਸ਼ਾ ਸਿੱਖਣ ਵਿੱਚ ਸਟੀਕਤਾ ਅਤੇ ਰਵਾਨੀ ਵਿੱਚੋਂ ਕੀ ਜ਼ਿਆਦਾ ਮਹੱਤਵ ਰੱਖਦਾ ਹੈ ਅਤੇ ਕਿਉਂ ?

   ________________________________

   ________________________________

## 4.6 ਸਾਰਾਂਸ਼

ਇਸ ਇਕਾਈ ਵਿੱਚ ਅਸੀਂ ਚਰਚਾ ਕੀਤੀ ਕਿ ਸੁਣਨ ਅਤੇ ਬੋਲਣ ਦਾ ਅਰਥ ਕੇਵਲ ਮਕੈਨੀਕਲ ਰੂਪ ਨਾਲ ਸੁਣਨਾ ਜਾਂ ਬੋਲਣਾ ਨਹੀਂ ਹੈ ਬਲਕਿ ਇਸ ਵਿੱਚ ਵਿਚਾਰਕ ਪ੍ਰਕਿਰਿਆ ਵੀ ਉੱਨੀ ਹੀ ਮਹੱਤਵਪੂਰਨ ਹੈ। ਨਾਲ ਹੀ ਇਹ ਵੀ ਜਾਣਿਆ ਕਿ ਬੱਚੇ ਘਰ ਦੀ ਭਾਸ਼ਾ ਵਿੱਚ ਤਾਂ ਇਨ੍ਹਾਂ ਹੁਨਰਾਂ ਵਿੱਚ ਸਹਿਜਤਾ ਨਾਲ ਪ੍ਰਵੀਨ ਹੋ ਜਾਂਦੇ ਹਨ, ਪਰ ਸਕੂਲ ਦੀ ਭਾਸ਼ਾ ਵਿੱਚ ਅਜਿਹੀ ਪ੍ਰਵੀਨਤਾ ਹਾਸਲ ਕਰਨ ਲਈ ਵਿਸ਼ੇਸ਼ ਉਪਰਾਲਿਆਂ ਦੀ ਜ਼ਰੂਰਤ ਹੁੰਦੀ ਹੈ। ਇਸ ਵਿੱਚ ਸਭ ਤੋਂ ਮਹੱਤਵਪੂਰਨ ਕਲਾਸ ਵਿੱਚ ਗੱਲਬਾਤ ਦੇ ਮੌਕੇ ਦੇਣਾ ਜੋ ਕਿ ਸਿੱਖਣ ਦਾ ਇੱਕ ਅਨੋਖਾ ਸਾਧਨ ਹੈ ਅਤੇ ਜਿਸ ਦਾ ਬੱਚਿਆਂ ਦੇ ਸਮਾਜਿਕ ਵਿਵਹਾਰ ਅਤੇ ਵਿਅਕਤੀਤਵ 'ਤੇ ਗਹਿਰਾ ਅਸਰ ਪੈਂਦਾ ਹੈ। ਨਾਲ ਹੀ ਇਸ ਗੱਲ 'ਤੇ ਵੀ ਚਰਚਾ ਹੋਈ ਕਿ ਕਲਾਸ ਵਿੱਚ ਇਨ੍ਹਾਂ ਮੌਕਿਆਂ ਨੂੰ ਉਪਲੱਬਧ ਕਰਾਉਣ ਵਿੱਚ ਅਧਿਆਪਕ ਦੀ ਮਹੱਤਵਪੂਰਨ ਭੂਮਿਕਾ ਹੈ ਅਤੇ ਇਹ ਬੱਚਿਆਂ ਨੂੰ ਬੇਝਿਜਕ ਪ੍ਰਗਟਾਵੇ ਲਈ ਪ੍ਰੋਤਸਾਹਿਤ ਕਰ ਸਕਦਾ ਹੈ। ਇਸ ਦੌਰਾਨ ਇੱਕ ਹੋਰ ਮਹੱਤਵਪੂਰਨ ਗੱਲ ਇਹ ਵੀ ਉੱਭਰਕੇ ਆਈ ਕਿ ਬੱਚਿਆਂ ਦੇ ਭਾਸ਼ਾ ਸਿੱਖਣ ਵਿੱਚ ਰਵਾਨੀ ਦਾ ਸਥਾਨ ਸਟੀਕਤਾ ਤੋਂ ਉੱਪਰ ਹੈ।

## 4.7 ਸੰਦਰਭ ਗ੍ਰੰਥ/ਕੁਝ ਉਪਯੋਗੀ ਪੁਸਤਕਾਂ


1[illegible] (੨੦੦੭), [illegible]

[illegible]

1[illegible] (੧੯੯੯), [illegible], 2[illegible].੧,੨

([illegible]) 2[illegible]

[illegible]

[illegible]

[illegible]

[illegible]

[illegible]

[illegible]


## 4.8 ਇਕਾਈ ਅੰਤ ਅਭਿਆਸ

1. ਕਹਾਣੀਆਂ ਬੱਚਿਆਂ ਦੀਆਂ ਕਿਹੜੀਆਂ ਸਮਰੱਥਾਵਾਂ ਨੂੰ ਵਿਕਸਤ ਕਰਨ ਵਿੱਚ ਸਹਾਇਕ ਹੁੰਦੀਆਂ ਹਨ ?

2. ਬੱਚਿਆਂ ਨੂੰ ਕਲਾਸ ਵਿੱਚ ਗੱਲ ਕਰਦੇ ਹੀ ਟੋਕ ਦਿੱਤਾ ਜਾਂਦਾ ਹੈ, ਕੀ ਇਹ ਰਵੱਈਆ ਤੁਹਾਨੂੰ ਸਹੀ ਲੱਗਦਾ ਹੈ ? ਆਪਣਾ ਵਿਚਾਰ ਦਿਓ।

3. ਤੁਸੀਂ ਇੱਕ ਅਜਿਹੀ ਕਹਾਣੀ ਲਿਖੋ ਜਿਸ 'ਤੇ ਕਲਾਸ ਵਿੱਚ ਬਹੁਤ ਗੱਲਬਾਤ ਹੋ ਸਕੇ। ਜਿਸ ਨਾਲ ਕਿ ਬੱਚਿਆਂ ਦੇ ਸੁਣਨ ਅਤੇ ਬੋਲਣ ਦੀਆਂ ਸਮਰੱਥਾਵਾਂ ਦਾ ਵਿਕਾਸ ਹੋ ਸਕੇ।

4. ਬੱਚਿਆਂ ਦੀ ਗੱਲਬਾਤ ਨੂੰ ਪ੍ਰੋਤਸਾਹਿਤ ਕਰਨ ਵਾਲਾ ਕਿਹੜਾ ਤਰੀਕਾ ਤੁਹਾਨੂੰ ਜ਼ਿਆਦਾ ਪਸੰਦ ਹੈ ਅਤੇ ਕਿਉਂ ? ਉਦਾਹਰਨ ਦੇ ਕੇ ਸਪੱਸ਼ਟ ਕਰੋ।

5. ਸਹੀ ਅਰਥਾਂ ਵਿੱਚ ਸੁਣਨ ਵਿੱਚ ਕੀ ਕੀ ਸ਼ਾਮਲ ਹੈ ?

6. ਕਲਾਸ ਵਿੱਚ ਜੋ ਬੱਚੇ ਅਕਸਰ ਗੱਲਬਾਤ ਵਿੱਚ ਭਾਗ ਨਹੀਂ ਲੈਂਦੇ, ਉਨ੍ਹਾਂ ਨੂੰ ਗੱਲਬਾਤ ਵਿੱਚ ਸ਼ਾਮਲ ਕਰਨ ਲਈ ਤੁਸੀਂ ਕਿਸ ਤਰ੍ਹਾਂ ਦੇ ਉਪਾਅ ਕਰੋਗੇ ? ਕੋਈ ਦੋ ਵਿਸਥਾਰ ਨਾਲ ਦੱਸੋ।

7. ਤੀਜੀ ਕਲਾਸ ਦੇ ਬੱਚਿਆਂ ਲਈ ਅਜਿਹੀ ਚਾਰ ਲਾਇਨਾਂ ਦੀ ਕਵਿਤਾ ਲੱਭੋ ਜਿਸ ਨੂੰ ਬੱਚੇ ਆਪਣੇ ਮਨ ਨਾਲ ਅੱਗੇ ਵਧਾ ਸਕਣ। ਕਲਾਸ ਵਿੱਚ ਇਹ ਅਭਿਆਸ ਕਰਾਓ।

8. ਘਰ ਦੀ ਭਾਸ਼ਾ ਅਤੇ ਸਕੂਲ ਦੀ ਭਾਸ਼ਾ ਨੂੰ ਸੁਣ ਕੇ ਸਮਝਣ ਵਿੱਚ ਫਰਕ ਕਿਉਂ ਹੁੰਦਾ ਹੈ ?

9. ਇੱਕ ਬੱਚਾ ਜੇਕਰ ਕਲਾਸ ਵਿੱਚ ਕਹਾਣੀ ਸੁਣਾਉਂਦੇ ਸਮੇਂ ਅਟਕ ਅਟਕ ਕੇ ਬੋਲੇ ਜਾਂ ਗਲਤ ਉਚਾਰਨ ਕਰੇ ਤਾਂ ਤੁਸੀਂ ਉਸ ਨਾਲ ਕਿਸ ਪ੍ਰਕਾਰ ਨਾਲ ਕੰਮ ਕਰਨ ਦੀ ਯੋਜਨਾ ਬਣਾਓਗੇ।

10. ਭਾਸ਼ਾ ਸਿਖਾਉਣ ਦੇ ਕ੍ਰਮ ਵਿੱਚ ਕਿਸ ਪੱਧਰ 'ਤੇ ਸਟੀਕਤਾ 'ਤੇ ਧਿਆਨ ਦੇਣਾ ਚਾਹੀਦਾ ਹੈ ਅਤੇ ਕਿਸ ਪੱਧਰ 'ਤੇ ਰਵਾਨੀ 'ਤੇ ਅਤੇ ਕਿਉਂ ?

## ਗਤੀਵਿਧੀ

- ਆਪਸੀ ਗੱਲਬਾਤ ਵਿੱਚ ਮਸ਼ਗੂਲ ਕੁਝ ਬੱਚਿਆਂ ਦਾ ਛੁਪ ਕੇ ਪ੍ਰੇਖਣ ਕਰੋ। ਅਤੇ ਦੇਖੋ ਕਿ ਉਹ ਕੀ ਕੀ ਗੱਲਾਂ ਕਰਦੇ ਹਨ। ਉਨ੍ਹਾਂ ਦੀ ਗੱਲਬਾਤ ਨੂੰ ਤੁਸੀਂ ਕਲਾਸ ਵਿੱਚ ਕਿਵੇਂ ਉਪਯੋਗ ਕਰੋਗੇ ?

- ਕਿਸੇ ਕਹਾਣੀ ਨੂੰ ਨਾਟਕ ਦੇ ਰੂਪ ਵਿੱਚ ਕਲਾਸ ਤੀਜੀ ਤੋਂ ਪੰਜਵੀਂ ਦੇ ਬੱਚਿਆਂ ਤੋਂ ਕਰਾਓ। ਇਸ ਲਈ ਬੱਚਿਆਂ ਦੇ ਨਾਲ ਮਿਲ ਕੇ ਸੰਵਾਦ ਬਣਾਓ, ਫਿਰ ਬੱਚਿਆਂ ਤੋਂ ਉਸ 'ਤੇ ਅਭਿਨੈ ਕਰਾਓ। ਆਪਣੇ ਅਨੁਭਵ ਦਾ ਵਿਵਰਣ ਦਿਓ।

# ਇਕਾਈ: 5 ਪੜ੍ਹਨਾ

## ਸੰਰਚਨਾ

5.0 ਜਾਣ ਪਛਾਣ

5.1 ਸਿਖਲਾਈ ਉਦੇਸ਼

5.2 ਪੜ੍ਹਨ ਦਾ ਕੀ ਅਰਥ ਹੈ ?

5.3 ਪੜ੍ਹ ਸਕਣ ਦਾ ਕੀ ਮਹੱਤਵ ਹੈ ?

5.4 ਪੜ੍ਹਨਾ ਸਿਖਾਉਣ ਦੇ ਵਿਭਿੰਨ ਤਰੀਕੇ ਜਾਂ ਵਿਧੀਆਂ

5.4.1 ਪੜ੍ਹਨਾ ਸਿਖਾਉਣ ਦੇ ਪ੍ਰਚੱਲਿਤ ਤਰੀਕੇ ਅਤੇ ਉਨ੍ਹਾਂ ਵਿੱਚ ਕਮੀਆਂ

5.4.2 ਪੜ੍ਹਨਾ ਸਿੱਖਣ ਦੀਆਂ ਸ਼ਰਤਾਂ

5.4.3 ਪੜ੍ਹਨਾ ਸਿਖਾਉਣ ਲਈ ਕੀ ਕਰ ਸਕਦੇ ਹਾਂ ?

5.4.4 ਕੁਝ ਗਤੀਵਿਧੀਆਂ

5.5 ਪੜ੍ਹਨ-ਲਿਖਣ ਦਾ ਆਪਸੀ ਰਿਸ਼ਤਾ

5.6 ਸਾਰਾਂਸ਼

5.7 ਸੰਦਰਭ ਗ੍ਰੰਥ/ ਕੁਝ ਉਪਯੋਗੀ ਪੁਸਤਕਾਂ

5.8 ਇਕਾਈ ਅੰਤ ਅਭਿਆਸ

## 5.0 ਜਾਣ ਪਛਾਣ

ਇਸ ਇਕਾਈ ਵਿੱਚ ਅਸੀਂ ਇਹ ਸਮਝਣ ਦੀ ਕੋਸ਼ਿਸ਼ ਕਰਾਂਗੇ ਕਿ ਪੜ੍ਹਨ ਦਾ ਮਤਲਬ ਕੀ ਹੈ ? ਅਤੇ ਕੋਈ ਵਿਅਕਤੀ ਜਦੋਂ ਪੜ੍ਹ ਜਾਂਦਾ ਹੈ ਤਾਂ ਉਹ ਕੀ ਕੀ ਕਰਦਾ ਹੈ ? ਪੜ੍ਹਨ ਵਿੱਚ ਕਿਹੜੀਆਂ ਕਿਹੜੀਆਂ ਗੱਲਾਂ ਸ਼ਾਮਲ ਹਨ ? ਇਸ ਤੋਂ ਇਲਾਵਾ ਅਸੀਂ ਇਸ ਗੱਲ 'ਤੇ ਵੀ ਵਿਚਾਰ ਕਰਾਂਗੇ ਕਿ ਪੜ੍ਹਨਾ ਸਿੱਖਣ ਲਈ ਕੀ ਕੀ ਜ਼ਰੂਰੀ ਹੈ। ਕਿਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਨਾਲ ਪੜ੍ਹਨਾ ਸਿੱਖਣ ਤੇ ਸਿਖਾਉਣ ਵਿੱਚ ਮਦਦ ਮਿਲਦੀ ਹੈ। ਅਸੀਂ ਇਹ ਵੀ ਚਰਚਾ ਕਰਾਂਗੇ ਕਿ ਪੜ੍ਹਨ ਅਤੇ ਲਿਖਣ ਵਿੱਚ ਕੀ ਸਬੰਧ ਹੈ ? ਕਿਉਂਕਿ ਪ੍ਰਾਇਮਰੀ ਸਕੂਲ ਦਾ ਇੱਕ ਪ੍ਰਮੁੱਖ ਟੀਚਾ ਉੱਥੇ ਆਉਣ ਵਾਲੇ ਬੱਚਿਆਂ ਨੂੰ ਪੜ੍ਹਨ ਦਾ ਹੁਨਰ ਸਿਖਾਉਣਾ ਹੈ ਇਸ ਲਈ ਇਹ ਮਹੱਤਵਪੂਰਨ ਹੈ ਕਿ ਇਸ ਦੀ ਸੰਭਾਵਨਾ ਨੂੰ ਵਧਾਉਣ ਦੀ ਦਿਸ਼ਾ ਵਿੱਚ ਕੋਸ਼ਿਸ਼ਾਂ ਕੀਤੀਆਂ ਜਾਣ। ਇਸ ਇਕਾਈ ਵਿੱਚ ਅਸੀਂ ਇਸ ਗੱਲ 'ਤੇ ਵੀ ਚਰਚਾ ਕਰਾਂਗੇ ਕਿ ਪੜ੍ਹਨਾ ਸਿੱਖਣ ਦੀ ਪ੍ਰਕਿਰਿਆ ਰੌਚਕ ਕਿਵੇਂ ਬਣ ਸਕਦੀ ਹੈ ਅਤੇ ਇਸ ਵਿੱਚ ਸੰਦਰਭ ਦੀ ਰੌਚਕਤਾ ਦੀ ਕੀ ਭੂਮਿਕਾ ਹੈ। ਅਸੀਂ ਇਸ ਤਰ੍ਹਾਂ ਦੇ ਪ੍ਰਸ਼ਨਾਂ 'ਤੇ ਵੀ ਵਿਚਾਰ ਕਰਾਂਗੇ ਕਿ ਪੜ੍ਹਨਾ ਸਿੱਖਣ ਵਿੱਚ ਕੀ ਕੋਈ ਪੜਾਅ ਜਾਂ ਕਰਮ ਪਹਿਲਾਂ ਨਿਰਧਾਰਤ ਕੀਤਾ ਜਾ ਸਕਦਾ ਹੈ ? ਕੀ ਬੱਚਾ ਪੜ੍ਹਨ ਨੂੰ ਟੁਕੜਿਆਂ ਵਿੱਚ ਸਿੱਖੇਗਾ ਜਾਂ ਫਿਰ ਸੰਪੂਰਨਤਾ ਵਿੱਚ।

## 5.1 ਸਿਖਲਾਈ ਉਦੇਸ਼

ਇਸ ਇਕਾਈ ਨੂੰ ਪੜ੍ਹਨ ਤੋਂ ਬਾਅਦ ਅਸੀਂ:

- ਪੜ੍ਹਨ ਦੇ ਵਿਆਪਕ ਅਰਥ ਨੂੰ ਸਮਝ ਸਕਾਂਗੇ,
- ਬੱਚਿਆਂ ਦੇ ਨਹੀਂ ਪੜ੍ਹ ਸਕਣ ਦੇ ਕਾਰਨਾਂ ਨੂੰ ਜਾਣ ਸਕਾਂਗੇ,
- ਸਕੂਲਾਂ ਵਿੱਚ ਪੜ੍ਹਨਾ ਸਿਖਾਉਣ ਦੀਆਂ ਪ੍ਰਚੱਲਿਤ ਵਿਧੀਆਂ ਦਾ ਵਿਸ਼ਲੇਸ਼ਣ ਕਰ ਸਕਾਂਗੇ,
- ਇਸ ਤੱਥ ਨੂੰ ਸਮਝ ਸਕਾਂਗੇ ਕਿ ਭਾਸ਼ਾ ਨੂੰ ਸੰਪੂਰਨਤਾ ਵਿੱਚ ਹੀ ਸਿੱਖਿਆ ਜਾ ਸਕਦਾ ਹੈ, ਟੁਕੜਿਆਂ ਵਿੱਚ ਨਹੀਂ,
- ਪੜ੍ਹਨ ਦੀਆਂ ਸੰਭਾਵਿਤ ਪ੍ਰਕਿਰਿਆਵਾਂ ਨੂੰ ਪਛਾਣ ਸਕਾਂਗੇ,
- ਪੜ੍ਹਨਾ ਸਿਖਾਉਣ ਦੀਆਂ ਰਣਨੀਤੀਆਂ ਦੀ ਕਲਾਸ ਵਿੱਚ ਵਰਤੋਂ ਕਰ ਸਕਾਂਗੇ,
- ਪੜ੍ਹਨਾ ਸਿਖਾਉਣ ਵਿੱਚ ਪਾਠਕ੍ਰਮ ਤੋਂ ਇਲਾਵਾ ਹੋਰ ਸੰਦਰਭਾਂ/ਪਾਠ ਸਮੱਗਰੀਆਂ ਦੇ ਮਹੱਤਵ ਨੂੰ ਦੱਸ ਸਕਾਂਗੇ,
- ਪੜ੍ਹਨ ਅਤੇ ਲਿਖਣ ਦੇ ਆਪਸੀ ਸਬੰਧ ਨੂੰ ਸਪੱਸ਼ਟ ਕਰ ਸਕਾਂਗੇ।

## 5.2 ਪੜ੍ਹਨ ਦਾ ਕੀ ਅਰਥ ਹੈ ?

ਪ੍ਰਾਇਮਰੀ ਕਲਾਸਾਂ ਨੂੰ ਪੜ੍ਹਾਉਣ ਵਿੱਚ ਅਧਿਆਪਕਾਂ ਨੂੰ ਜੋ ਚੁਣੌਤੀਆਂ ਝੱਲਣੀਆਂ ਪੈਂਦੀਆਂ ਹਨ, ਉਨ੍ਹਾਂ ਵਿੱਚ ਸਭ ਤੋਂ ਵੱਡੀ ਅਤੇ ਕਠਿਨ ਚੁਣੌਤੀ ਪੜ੍ਹਨਾ ਸਿਖਾਉਣਾ ਹੈ। ਸਭ ਤੋਂ ਮੁਸ਼ਕਿਲ ਇਸ ਲਈ ਹੈ ਕਿਉਂਕਿ ਪੜ੍ਹਨਾ ਇੱਕ ਸਹਿਜ ਹੁਨਰ ਨਹੀਂ ਹੈ। ਉਸ ਵਿੱਚ ਕਈ ਹੋਰ ਹੁਨਰ ਸਮਰੱਥਾਵਾਂ ਸ਼ਾਮਲ ਹਨ। ਇਹ ਸੋਚਣ ਵਾਲੀ ਗੱਲ ਹੈ ਕਿ ਅਸੀਂ ਪੜ੍ਹਨ ਦਾ ਕੀ ਅਰਥ ਸਮਝਦੇ ਹਾਂ ? ਆਮ ਤੌਰ 'ਤੇ ਅਧਿਆਪਕ ਇਹ ਸੋਚਦੇ ਹਨ ਕਿ ਬੱਚਾ ਕਿਤਾਬ ਵਿੱਚ ਲਿਖੀਆਂ ਗੱਲਾਂ ਨੂੰ ਉਸੀ ਰੂਪ ਵਿੱਚ ਪੜ੍ਹ ਦੇਵੇ, ਚਾਹੇ ਲਿਖੀਆਂ ਗੱਲਾਂ ਦਾ ਅਰਥ ਉਸ ਨੂੰ ਸਮਝ ਵਿੱਚ ਆਏ ਜਾਂ ਨਹੀਂ।

ਪੜ੍ਹਨਾ ਇੱਕ ਸਿਰਜਣਾਤਮਕ ਕਾਰਜ ਹੈ ਕਿਉਂਕਿ ਪੜ੍ਹਨ ਵਾਲਾ ਸਾਹਮਣੇ ਲਿਖੀਆਂ ਗੱਲਾਂ ਦਾ ਹੂਬਹੂ ਉਚਾਰਣ ਨਹੀਂ ਕਰਦਾ ਹੈ ਬਲਕਿ ਆਪਣੇ ਅਨੁਭਵਾਂ ਨਾਲ ਉਨ੍ਹਾਂ ਦਾ ਅਰਥ ਵੀ ਬਣਾਉਂਦਾ ਜਾਂਦਾ ਹੈ। ਪੜ੍ਹਨ ਦੀ ਪ੍ਰਕਿਰਿਆ ਵਿੱਚ ਛਪੀ ਹੋਈ ਲਿਖਤ ਸਮੱਗਰੀ ਦਾ ਅਰਥ ਗ੍ਰਹਿਣ ਕਰਨਾ ਮਹੱਤਵਪੂਰਨ ਹੈ। ਜਦੋਂ ਅਸੀਂ ਪੜ੍ਹਦੇ ਹਾਂ ਤਾਂ ਸਾਡੀਆਂ ਅੱਖਾਂ ਅਤੇ ਦਿਮਾਗ ਸਾਰੇ ਅੱਖਰਾਂ, ਵਿਰਾਮ ਚਿੰਨ੍ਹਾਂ, ਸਾਰੇ ਸ਼ਬਦਾਂ ’ਤੇ ਧਿਆਨ ਨਹੀਂ ਦਿੰਦਾ, ਮਤਲਬ ਪੜ੍ਹਨ ਵਿੱਚ ਵਾਕ ਦੇ ਹਰੇਕ ਹਿੱਸੇ ਨੂੰ ਨਹੀਂ ਦੇਖਣਾ ਹੁੰਦਾ ਹੈ। ਜੇਕਰ ਅਜਿਹਾ ਹੁੰਦਾ ਤਾਂ ਛੋਟੀਆਂ ਛੋਟੀਆਂ ਸੂਚਨਾਵਾਂ ’ਤੇ ਗੌਰ ਕਰਨਾ ਕਾਫ਼ੀ ਮੁਸ਼ਕਿਲ ਅਤੇ ਬੋਝ ਘੱਟ ਹੁੰਦਾ ਅਤੇ ਜ਼ਿਆਦਾਤਰ ਲੋਕ ਜਿਸ ਗਤੀ ਨਾਲ ਪੜ੍ਹਦੇ ਹਨ, ਉਹ ਅਸੰਭਵ ਹੋ ਜਾਂਦਾ। ਇੱਕ ਰਵਾਨੀ ਪਾਠਕ ਪੜ੍ਹਦੇ ਸਮੇਂ ਕਿਸੇ ਅੱਖਰ, ਸ਼ਬਦ ਅਤੇ ਵਾਕ ਦੇ ਪੂਰੇ ਆਕਾਰ ’ਤੇ ਧਿਆਨ ਨਹੀਂ ਦਿੰਦਾ ਹੈ। ਉਸ ਦੀਆਂ ਅੱਖਾਂ ਅੰਕਿਤ ਸਮੱਗਰੀ ਦੇ ਛੋਟੇ ਜਿਹੇ ਅੰਸ਼ ’ਤੇ ਗੌਰ ਕਰਦੀਆਂ ਹਨ ਅਤੇ ਬਾਕੀ ਭਾਗ ਉਹ ਆਪਣੇ ਪੂਰਵ ਅਨੁਭਵ ਅਤੇ ਅਨੁਮਾਨ ਦੇ ਆਧਾਰ ’ਤੇ ਗ੍ਰਹਿਣ ਕਰਦਾ ਹੈ। ਪਾਠਕ ਦਾ ਇਹ ਅਨੁਮਾਨ ਆਮ ਦੁਨੀਆ ਤੋਂ ਉਸ ਦੀ ਪੂਰਵ ਪਛਾਣ ’ਤੇ ਨਿਰਭਰ ਹੁੰਦਾ ਹੈ। ਇਸ ਤਰ੍ਹਾਂ ਪੜ੍ਹਨ ਵਿੱਚ ਨਿਮਨਲਿਖਤ ਗੱਲਾਂ ਸ਼ਾਮਲ ਹਨ–

ਲਿਖੇ ਹੋਏ ਦਾ ਅਰਥ ਗ੍ਰਹਿਣ ਕਰਨਾ ਹੀ ਪੜ੍ਹਨਾ ਹੈ।

- ਪੜ੍ਹਨ ਦਾ ਅਰਥ ਹੈ ਲਿਖਤ ਸਮੱਗਰੀ ਨਾਲ ਧਾਰਨਾਵਾਂ ਨੂੰ ਘੜਨਾ, ਵਿਚਾਰਾਂ ਨੂੰ ਆਪਸ ਵਿੱਚ ਜੋੜ ਪਾਉਣਾ ਅਤੇ ਉਨ੍ਹਾਂ ਨੂੰ ਯਾਦ ਰੱਖਣਾ।

- ਵਿਸ਼ੇ ਨੂੰ ਸਮਝਣ ਦੇ ਯੋਗ ਹੋਣਾ, ਇਸ ਦੇ ਤਰਕ ਅਤੇ ਪਰਿਸੀਮਾ ਦਾ ਅਨੁਸਰਣ ਕਰਨਾ।

- ਪੜ੍ਹਨਾ ਸਿਰਫ਼ ਵਰਣਮਾਲਾ ਦੀ ਪਛਾਣ, ਸ਼ਬਦ ਅਤੇ ਵਾਕ ਨੂੰ ਬੋਲਣਾ ਹੀ ਕਾਫ਼ੀ ਨਹੀਂ ਹੈ, ਬਲਕਿ ਇਸ ਦੇ ਅੱਗੇ ਬਹੁਤ ਕੁਝ ਹੋਰ ਵੀ ਹੈ। ਮਤਲਬ ਕਿ ਲਿਖੇ ਹੋਏ ਦੇ ਅਰਥ ਨੂੰ ਸਮਝ ਕੇ ਅਪਣਾ ਨਜ਼ਰੀਆ ਬਣਾਉਣਾ ਜਾਂ ਫਿਰ ਆਪਣੀ ਨਿੱਜੀ ਸਮਝ ਵਿਕਸਤ ਕਰਨਾ ਹੈ।

- ਪੜ੍ਹਨ ਦਾ ਮਤਲਬ ਸ਼ਬਦਾਂ ਨੂੰ ਹਿੱਸੇ ਕਰਕੇ ਬੋਲਣਾ ਨਹੀਂ ਹੈ। ਬਲਕਿ ਲਿਖੇ ਹੋਏ ਦੇ ਨਾਲ ਸੰਵਾਦ ਕਰਨਾ, ਆਪਣੇ ਅਨੁਭਵਾਂ ਅਤੇ ਸਮਝ ਦੇ ਸਾਂਚੇ ਵਿੱਚ ਢਾਲਦੇਹੋਏ ਉਸ ਤੋਂ ਅਰਥ ਗ੍ਰਹਿਣ ਕਰਨਾ ਹੈ।

- ਪੜ੍ਹਨਾ ਇੱਕ ਸੰਪੂਰਨ ਪ੍ਰਕਿਰਿਆ ਹੈ, ਇਸ ਵਿੱਚ ਅੱਖਰਾਂ ਦਾ ਆਕਾਰ, ਉਨ੍ਹਾਂ ਨਾਲ ਜੁੜੀਆਂ ਹੋਈਆਂ ਆਵਾਜ਼ਾਂ, ਵਾਕ ਸੰਰਚਨਾ, ਸ਼ਬਦਾਂ ਅਤੇ ਵਾਕਾਂ ਦੇ ਅਰਥ ਅਤੇ ਅਨੁਮਾਨ ਲਗਾਉਣ ਦਾ ਹੁਨਰ ਸ਼ਾਮਲ ਹੈ।

- ਪੜ੍ਹਨ ਵਿੱਚ ਮਹੱਤਵਪੂਰਨ ਹੈ ਲਿਖੀ ਹੋਈਆਂ ਜਾਣਕਾਰੀਆਂ ਜਾਂ ਸੰਕੇਤਾਂ ਦਾ ਅਰਥ ਗ੍ਰਹਿਣ ਕਰਨਾ।

ਇਸ ਪ੍ਰਕਾਰ ਸਪੱਸ਼ਟ ਹੈ ਕਿ ਪੜ੍ਹਨਾ ਅਨੇਕ ਹੁਨਰਾਂ ਦਾ ਇੱਕ ਸਮੂਹ ਹੈ ਜੋ ਲਿਖੀ ਜਾਂ ਛਪੀ ਭਾਸ਼ਾ ਸਮੱਗਰੀ ਨੂੰ ਅਰਥ ਨਾਲ ਜੋੜਨ ਵਿੱਚ ਸਾਡੀ ਮਦਦ ਕਰਦਾ ਹੈ। ‘ਪੜ੍ਹਨਾ’ ਹੁਨਰ ਦੀਆਂ ਸਾਰੀਆਂ ਪਰਿਭਾਸ਼ਾਵਾਂ ਵਿੱਚ ਜਿਸ ਬਿੰਦੂ ’ਤੇ ਸਭ ਤੋਂ ਜ਼ਿਆਦਾ ਜ਼ੋਰ ਦਿੱਤਾ ਗਿਆ ਹੈ, ਉਹ ਹੈ–ਅਰਥ। ਮਤਬ ਪੜ੍ਹਨ ਦਾ ਟੀਚਾ ਹੀ ਪੜ੍ਹ ਕੇ ਅਰਥ ਸਮਝਣ ਨਾਲ ਹੈ।

**ਆਪਣੀ ਪ੍ਰਗਤੀ ਨੂੰ ਪਰਖੋ: 1**

1. ਪੜ੍ਹਨ ਵਿੱਚ ਮਹੱਤਵਪੂਰਨ ਹੈ–

   (ੳ) ਲਿਖੇ ਹੋਏ ਦਾ ਅਰਥ ਗ੍ਰਹਿਣ ਕਰਨਾ (ਅ) ਸਾਰੇ ਸ਼ਬਦਾਂ ਨੂੰ ਪੜ੍ਹਨਾ

   (ੲ) ਰਵਾਨੀ ਵਿੱਚ ਪੜ੍ਹਨਾ (ਸ) ਵਿਰਾਮ ਚਿੰਨ੍ਹਾਂ ਦਾ ਧਿਆਨ ਰੱਖਣਾ

2. ਪੜ੍ਹਨ ਵਿੱਚ ਕਿਹੜੀਆਂ ਕਿਹੜੀਆਂ ਗੱਲਾਂ ਸ਼ਾਮਲ ਹਨ ?

   ________________________________

   ________________________________

   ________________________________

3. ਪੜ੍ਹਨਾ ਇੱਕ ਸਿਰਜਣਾਤਮਕ ਕਾਰਜ ਹੈ, ਕਿਵੇਂ ?

   ________________________________

   ________________________________

## 5.3 ਪੜ੍ਹ ਸਕਣ ਦਾ ਕੀ ਮਹੱਤਵ ਹੈ ?

ਵੈਸੇ ਤਾਂ ਗਿਆਨ ਦਾ ਨਿਰਮਾਣ ਬਿਨਾਂ ਕਿਤਾਬਾਂ ਦੇ ਵੀ ਹੋ ਸਕਦਾ ਹੈ। ਜਦੋਂ ਤੱਕ ਕਿ ਲਿੱਪੀ ਅਤੇ ਛਪਾਈ ਦੀ ਖੋਜ ਅਤੇ ਵਿਕਾਸ ਨਹੀਂ ਹੋਇਆ ਸੀ, ਦੁਨੀਆ ਦੇ ਸਾਰੇ ਸਮਾਜਾਂ ਵਿੱਚ ਸੰਸਕ੍ਰਿਤੀ ਅਤੇ ਗਿਆਨ ਦਾ ਸਾਰਾ ਆਦਾਨ ਪ੍ਰਦਾਨ ਅਤੇ ਵਿਸਥਾਰ ਬਿਨਾਂ ਕਿਤਾਬਾਂ ਨੂੰ ਪੜ੍ਹੇ ਲਿਖੇ ਹੀ ਹੁੰਦਾ ਰਿਹਾ। ਅੱਜ ਵੀ ਕਈ ਸਮਾਜਾਂ ਵਿੱਚ ਸੰਸਕ੍ਰਿਤੀ ਅਤੇ ਗਿਆਨ ਦਾ ਸੰਚਾਰ ਮੌਖਿਕ ਭਾਸ਼ਾ ਵਿੱਚ ਹੀ ਹੁੰਦਾ ਹੈ, ਪਰ ਅੱਜ ਦੀ ਦੁਨੀਆ ਵਿੱਚ ਕਿਤਾਬਾਂ ਦਾ ਬਹੁਤ ਮਹੱਤਵਪੂਰਨ ਸਥਾਨ ਹੈ ਅਤੇ ਕਿਤਾਬਾਂ ਪੜ੍ਹਨਾ ਲਿਖਣਾ ਜ਼ਰੂਰੀ ਜਿਹਾ ਹੋ ਗਿਆ ਹੈ। ਸਮਝ ਕੇ ਪੜ੍ਹਨਾ ਸਾਡੇ ਵਿਅਕਤੀਤਵ ਨੂੰ ਮਜ਼ਬੂਤ ਬਣਾਉਂਦਾ ਹੈ ਅਤੇ ਸਾਨੂੰ ਆਤਮਵਿਸ਼ਵਾਸ ਦਿੰਦਾ ਹੈ। ਪੜ੍ਹਨ ਦੀ ਸਮਰੱਥਾ ਦੇ ਕਾਰਨ ਹੀ ਅਸੀਂ ਨਾ ਕੇਵਲ ਇਸ ਸਜੀਵ ਸੰਸਾਰ ਬਲਕਿ ਉਸ ਲੋਕ ਵਿੱਚ ਵੀ ਪਹੁੰਚ ਜਾਂਦੇ ਹਾਂ ਜੋ ਸਾਡੇ ਤੋਂ ਦੂਰ ਹੈ, ਬਹੁਤ ਦੂਰ ਹੈ। ਸਾਹਿਤ ਇਸ ਦਾ ਪ੍ਰਮੁੱਖ ਉਦਾਹਰਨ ਹੈ। "ਪੜ੍ਹਨਾ ਜੀਵਨ ਦੇ ਵਿਭਿੰਨ ਪਹਿਲੂਆਂ ਅਤੇ ਇਸ ਦੇ ਬਦਲਦੇ ਰੰਗਾਂ ਨੂੰ ਸਮਝਣਾ ਹੈ। ਨਾਲ ਹੀ ਇੱਕ ਸਾਰਥਿਕ ਜੀਵਨ ਜਿਊਣ ਦੀ ਕਲਾ ਨੂੰ ਸਮਝਣਾ ਵੀ ਹੈ। ਸਾਡੇ ਵਿਅਕਤੀਗਤ ਅਨੁਭਵ ਸੀਮਿਤ ਹੁੰਦੇ ਹਨ ਅਤੇ ਇਨ੍ਹਾਂ ਦਾ ਵਿਸਥਾਰ ਪੜ੍ਹਨ ਨਾਲ ਹੀ ਹੁੰਦਾ ਹੈ। ਕਿਤਾਬਾਂ ਸਾਡੀ ਜਾਣ ਪਛਾਣ ਉਨ੍ਹਾਂ ਅਨੁਭਵਾਂ ਅਤੇ ਵਿਚਾਰਾਂ ਨਾਲ ਕਰਾਉਂਦੀਆਂ ਹਨ ਜਿਨ੍ਹਾਂ ਵਿੱਚ ਅਸੀਮ ਬੌਧਿਕਤਾ ਅਤੇ ਪਰਿਪੱਕਤਾ ਦੀ ਝਲਕ ਮਿਲਦੀ ਹੈ।" (ਪੰਡਿਤ ਜਵਾਹਰ ਲਾਲ ਨਹਿਰੂ)

ਕੁੱਲ ਮਿਲਾ ਕੇ ਪੜ੍ਹਨ ਦੀ ਸਮਰੱਥਾ ਨਾਲ ਵਿਅਕਤੀ ਦੇ ਗਿਆਨ ਦਾ ਵਿਸਥਾਰ ਹੁੰਦਾ ਹੈ। ਉਸ ਦੀ ਸੋਚ ਵਿਆਪਕ, ਤਰਕਸ਼ੀਲ ਅਤੇ ਉਦਾਰ ਹੋ ਜਾਂਦੀ ਹੈ। ਪੜ੍ਹ ਸਕਣ ਦੀ ਸਮਰੱਥਾ ਦੇ ਕਾਰਨ ਹੀ ਵਿਅਕਤੀ ਬਹੁਤ ਸਮਾਜਿਕ, ਸੰਸਕ੍ਰਿਤਕ ਅਤੇ ਸਾਹਿਤਕ ਸੰਦਰਭ ਨਾਲ ਜੁੜ ਜਾਂਦਾ ਹੈ।

## 5.4 ਪੜ੍ਹਨਾ ਸਿਖਾਉਣ ਦੇ ਵਿਭਿੰਨ ਤਰੀਕੇ ਜਾਂ ਵਿਧੀਆਂ

ਆਮ ਤੌਰ ’ਤੇ ਸਕੂਲਾਂ ਵਿੱਚ ਬੱਚਿਆਂ ਨੂੰ ਪੜ੍ਹਨਾ ਸਿਖਾਉਣਾ ਅਧਿਆਪਕਾਂ ਲਈ ਸਭ ਤੋਂ ਮੁਸ਼ਕਿਲ ਕੰਮ ਹੁੰਦਾ ਹੈ ਕਿਉਂਕਿ ਪੜ੍ਹਨਾ ਸਿਖਾਉਣ ਦੀ ਕੋਈ ਇੱਕ ਸਰਲ ਵਿਧੀ ਨਹੀਂ ਹੈ। ਹਰ ਵਿਧੀ ਦੀਆਂ ਆਪਣੀਆਂ ਸੀਮਾਵਾਂ ਹਨ। ਅਧਿਆਪਕਾਂ ਨੂੰ ਕੋਈ ਸੁਝਾ ਨਹੀਂ ਸਕਦਾ ਕਿ ਉਨ੍ਹਾਂ ਦੀਆਂ ਪ੍ਰਸਥਿਤੀਆਂ ਵਿੱਚ ਕਿਹੜੀਆਂ ਵਿਧੀਆਂ ਸਹੀ ਅਤੇ ਕਾਰਗਰ ਹਨ। ਇਸ ਦੇ ਬਾਵਜੂਦ ਪੜ੍ਹਨਾ ਇੱਕ ਸਫੁਰਤੀਪੂਰਨ ਕੰਮ ਹੈ ਕਿਉਂਕਿ ਬੱਚੇ ਦੇ ਜੀਵਨ ਦਾ ਬਹੁਤ ਕੁਝ ਉਸ ’ਤੇ ਨਿਰਭਰ ਹੈ। ਜੇਕਰ ਇੱਕ ਬਾਰ ਬੱਚਿਆਂ ਨੂੰ ਪੜ੍ਹਨ ਅਤੇ ਪੁਸਤਕਾਂ ਵਿੱਚ ਰੁਚੀ ਨਾਲ ਸਫਲਤਾਪੂਰਬਕ ਜੋੜ ਦਿੱਤਾ ਜਾਵੇ ਤਾਂ ਉਸ ਦੇ ਅੰਤ ਦੀ ਕੋਈ ਸੀਮਾ ਹੀ ਨਹੀਂ ਹੈ।

ਅਸਲ ਵਿੱਚ ਸੁਆਲ ਇਹ ਹੈ ਕਿ ਆਖਿਰ ਬੱਚਿਆਂ ਨੂੰ ਪੜ੍ਹਨਾ ਸਿਖਾਉਣ ਦਾ ਕੰਮ ਸਫਲਤਾਪੂਰਬਕ ਕਿਵੇਂ ਕੀਤਾ ਜਾਂਦਾ ਹੈ ? ਇਸ ’ਤੇ ਜ਼ਰਾ ਸੋਚੋ ਅਤੇ ਆਪਣੇ ਆਸ ਪਾਸ ਦੇਖੋ ਤਾਂ ਸਾਨੂੰ ਅਸਫਲਤਾ ਹੀ ਦੇਖਣ ਨੂੰ ਮਿਲਦੀ ਹੈ, ਇਸ ‘ਤੇ ਵਿਚਾਰ ਕਰਨਾ ਚਾਹੀਦਾ ਹੈ। ਲੱਖਾਂ, ਕਰੋੜਾਂ ਬੱਚੇ ਹਰ ਸਾਲ ਪੜ੍ਹਨਾ ਸਿੱਖਦੇ ਹਨ, ਪਰ ਇਨ੍ਹਾਂ ਵਿੱਚੋਂ ਬਹੁਤਿਆਂ ਨੂੰ ਠੀਕ ਨਾਲ ਪੜ੍ਹਨਾ ਹੀ ਨਹੀਂ ਆਉਂਦਾ ਹੈ। ਬਹੁਤ ਸਾਰੇ ਬੱਚੇ ਪ੍ਰੀਖਿਆਵਾਂ ਪਾਸ ਕਰਦੇ ਚਲੇ ਜਾਂਦੇ ਹਨ, ਪਰ ਉਨ੍ਹਾਂ ਵਿੱਚ ਪੜ੍ਹਨ ਦੀ ਰੁਚੀ ਦਾ ਵਿਕਾਸ ਨਹੀਂ ਹੋ ਪਾਉਂਦਾ। ਇਨ੍ਹਾਂ ਅਸਫਲਤਾਵਾਂ ਦੇ ਪਿੱਛੇ ਕਿਧਰੇ ਨਾ ਕਿਧਰੇ ਕਮਜ਼ੋਰ ਅਧਿਆਪਨ ਨੂੰ ਜ਼ਿੰਮੇਵਾਰ ਮੰਨਿਆ ਜਾ ਸਕਦਾ ਹੈ।

ਕਿਸੇ ਅਧਿਆਪਕ ਨੂੰ ਇਹ ਦੱਸਣ ਦੀ ਜ਼ਰੂਰਤ ਨਹੀਂ ਹੈ ਕਿ ਪੜ੍ਹਨ ਦਾ ਵਧੀਆ ਹੁਨਰ ਬੱਚੇ ਦੇ ਸੰਪੂਰਨ ਵਿਕਾਸ ਵਿੱਚ ਕੀ ਭੂਮਿਕਾ ਨਿਭਾਉਂਦਾ ਹੈ, ਪਰ ਅਧਿਆਪਕਾਂ ਨੂੰ ਸ਼ਾਇਦ ਇਹ ਪਤਾ ਨਹੀਂ ਹੈ ਕਿ ਪੜ੍ਹਨ ਦਾ ਵਧੀਆ ਹੁਨਰ ਕਿਸ ਨੂੰ ਕਹਾਂਗੇ ਅਤੇ ਉਸ ਦਾ ਵਿਕਾਸ ਕਿਵੇਂ ਕੀਤਾ ਜਾ ਸਕਦਾ ਹੈ ? ਜਦੋਂ ਤੱਕ ਬੱਚਾ ਪੜ੍ਹੀ ਗਈ ਸਮੱਗਰੀ ਨੂੰ ਸਮਝਦੇ ਹੋਏ ਪਹਿਲਾਂ ਦੇ ਅਨੁਭਵਾਂ ਨੂੰ ਜੋੜਨ ਵਿੱਚ ਸਮਰੱਥ ਨਹੀਂ ਹੋ ਸਕਦਾ, ਉਦੋਂ ਤੱਕ ਅਸੀਂ ਉਸ ਨੂੰ ਪੜ੍ਹਨ ਦੀ ਸਮਰੱਥਾ ਦਾ ਵਧੀਆ ਹੁਨਰ ਨਹੀਂ ਕਹਿ ਸਕਦੇ ਹਾਂ। ਇਸੀ ਸੰਦਰਭ ਵਿੱਚ ਪੜ੍ਹਨ ਨੂੰ ਛਪੀ ਜਾਂ ਲਿਖੀ ਹੋਈ ਸਮੱਗਰੀ ਨਾਲ ਅਰਥ ਲੱਭਣ ਦੀ ਪ੍ਰਕਿਰਿਆ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ।

ਜੇਕਰ ਪੜ੍ਹਨ ਦੀ ਢੁਕਵੀਂ ਪਰਿਭਾਸ਼ਾ ਅਸੀਂ ਮੰਨ ਲਈਏ ਤਾਂ ਸਾਡੇ ਆਸ ਪਾਸ ਗੈਰ ਰਸਮੀ ਰੂਪ ਨਾਲ ਜਾਂ ਪ੍ਰਾਇਮਰੀ ਸਕੂਲਾਂ ਵਿੱਚ ਜਿਸ ਤਰ੍ਹਾਂ ਨਾਲ ਪੜ੍ਹਨਾ ਸਿਖਿਆਇਆ ਜਾਂਦਾ ਹੈ, ਉਹ ਉਚਿਤ ਨਹੀਂ ਹੈ। ਉਦਾਹਰਨ ਦੇ ਲਈ ਵਰਣਮਾਲਾ ਦੇ ਅੱਖਰਾਂ ਨੂੰ ਜ਼ੋਰ ਜ਼ੋਰ ਨਾਲ ਬੋਲ ਕੇ ਰੱਟਣਾ, ਬਿਨਾਂ ਸਮਝੇ ਕਹਾਣੀ ਨੂੰ ਦੁਹਰਾਉਣਾ, ਬਿਨਾਂ ਮਤਲਬ ਸਮਝੇ ਪੜ੍ਹਨਾ ਆਦਿ ਸਾਡੀ ਪਰਿਭਾਸ਼ਾ ਦੀ ਦ੍ਰਿਸ਼ਟੀ ਨਾਲ ਸਹੀ ਗਤੀਵਿਧੀਆਂ ਨਹੀਂ ਹਨ। ਅਜਿਹਾ ਕਰਦੇ ਸਮੇਂ ਅਕਸਰ ਬੱਚੇ ਲਿਖਤ ਭਾਸ਼ਾ ਨੂੰ ਕਿਸੇ ਅਰਥ ਨਾਲ ਨਹੀਂ ਜੋੜ ਪਾਉਂਦੇ ਹਨ। ਬਹੁਤ ਸਾਰੇ ਸਕੂਲਾਂ ਵਿੱਚ ਅੱਜ ਵੀ ‘ੳ’ ਨੂੰ ‘ਊਠ’ ਅਤੇ ‘ਅ’ ਨੂੰ ‘ਅੰਬ’ ਵਰਗੇ ਪਰੰਪਰਿਕ ਸ਼ਬਦਾਂ ਨਾਲ ਬੰਨ੍ਹ ਦਿੱਤਾ ਗਿਆ ਹੈ। ਫਿਰ ਜਿੱਥੇ ਵੀ ‘ੳ’ ਅਤੇ ‘ਅ’ ਦਿਖਾਈ ਦਿੰਦਾ ਹੈ ਤਾਂ ਬੱਚੇ ‘ਊਠ’ ਦਾ ‘ੳ’ ਅਤੇ ‘ਅੰਬ’ ਦਾ ‘ਅ’ ਕਹਿ ਕੇ ਪਛਾਣ ਪਾਉਂਦੇ ਹਨ। ਇਸੀ ਤਰ੍ਹਾਂ ਜੇਕਰ ਕਹਾਣੀ ਸ਼ਬਦ ਦਰ ਸ਼ਬਦ ਤੋੜ ਕੇ ਪੜ੍ਹੀ ਜਾਏ ਤਾਂ ਉਸ ਦਾ ਕੋਈ ਖਾਸ ਮਤਲਬ ਜਾਂ ਅਰਥ ਨਹੀਂ ਨਿਕਲਦਾ ਹੈ ਅਤੇ ਕਹਾਣੀ ਨਾਲ ਸਬੰਧ ਬਣਾਉਣਾ ਵੀ ਸੰਭਵ ਨਹੀਂ ਹੋ ਪਾਉਂਦਾ। ਜੋ ਲੋਕ ਇਹ ਕਹਿੰਦੇ ਹਨ ਕਿ ਇਨ੍ਹਾਂ ਗਤੀਵਿਧੀਆਂ ਨਾਲ ਅੱਗੇ ਜਾ ਕੇ ਬੱਚੇ ਅਰਥ ਗ੍ਰਹਿਣ ਕਰਨ ਦੀ ਪ੍ਰਕਿਰਿਆ ਨਾਲ ਜੁੜ ਜਾਂਦੇ ਹਨ ਸ਼ਾਇਦ ਕੁਝ ਹੱਦ ਤੱਕ ਇਹ ਸਹੀ ਹੋਵੇ, ਪਰ ਸਹੀ ਵੀ ਤਾਂ ਹੋਵੇ ਜਦੋਂ ਬੱਚੇ ਸਕੂਲਾਂ ਵਿੱਚ ਇੰਨੇ ਸਾਲਾਂ ਤੱਕ ਟਿਕੇ ਕਿ ਉਹ ਸਾਰਥਿਕ ਰੂਪ ਨਾਲ ਪੜ੍ਹਨ ਸਿੱਖਣ ਦੇ ਅਵਸਰ ਪਾ ਸਕਣ। ਸਾਨੂੰ ਉਨ੍ਹਾਂ ਬੱਚਿਆਂ ਦੇ ਬਾਰੇ ਵਿੱਚ ਸੋਚਣਾ ਹੋਏਗਾ ਜੋ ਕਲਾਸਾਂ ਵਿੱਚ ਅੱਜ ਵੀ ਅੱਖਰਾਂ ਨੂੰ ਬਾਰ ਬਾਰ ਦੁਹਰਾਉਣ, ਉਨ੍ਹਾਂ ਦੀ ਨਕਲ ਉਤਾਰਨ ਅਤੇ ਸ਼ਬਦਾਂ ਨੂੰ ਬਾਰ ਬਾਰ ਲਿਖਣ ਅਤੇ ਜ਼ੋਰ ਜ਼ੋਰ ਨਾਲ ਬੋਲਣ ਨਾਲ ਉਬ ਜਾਂਦੇ ਹਨ। ਇਸ ਤਰ੍ਹਾਂ ਦੀ ਕਵਾਇਦ ਨਾਲ ਵੀ ਬਹੁਤ ਘੱਟ ਬੱਚੇ ਹੀ ਪੜ੍ਹਨਾ ਸਿੱਖ ਪਾਉਂਦੇ ਹਨ। ਅਸਲ ਵਿੱਚ ਪੜ੍ਹਨ; ਸਿਖਾਉਣ ਦੀ ਇਹ ਪ੍ਰਕਿਰਿਆ ਬਹੁਤ ਹੀ ਉਬਾਊ ਅਤੇ ਘੱਟ ਉਤਪਾਦਕ ਹੈ। ਇਸੀ ਵਜ੍ਹਾ ਨਾਲ ਬਹੁਤ ਸਾਰੇ ਬੱਚੇ ਤਾਂ ਸ਼ੁਰੂਆਤੀ ਸਿੱਖਿਆ ਪ੍ਰਾਪਤ ਕਰਨ ਤੋਂ ਪਹਿਲਾਂ ਹੀ ਸਕੂਲ ਛੱਡ ਦਿੰਦੇ ਹਨ।

ਆਪਣੀ ਪ੍ਰਗਤੀ ਨੂੰ ਪਰਖੋ: 2

1.ਬੱਚਿਆਂ ਵਿੱਚ ਪੜ੍ਹਨ ਦੀ ਰੁਚੀ ਦਾ ਵਿਕਾਸ ਕਿਵੇਂ ਕੀਤਾ ਜਾ ਸਕਦਾ ਹੈ ?

(ੳ) ਪਾਠ ਪੁਸਤਕਾਂ ਰਾਹੀਂ

(ਅ) ਵਰਣਮਾਲਾ ਦੇ ਅੱਖਰਾਂ ਨੂੰ ਰਟਾਕੇ

(ੲ) ਪੜ੍ਹਨਾ ਸਿਖਾਉਣ ਦੀਆਂ ਰੌਚਕ ਪ੍ਰਕਿਰਿਆਵਾਂ ਰਾਹੀਂ

(ਸ) ਕਹਾਣੀ ਰਟਾ ਕੇ

2. ਤੁਸੀਂ ਪੜ੍ਹਨ ਦੀ ਸਮਰੱਥਾ ਵਿੱਚ ਕੀ ਸ਼ਾਮਲ ਕਰੋਗੇ ?

__________________________________

__________________________________

__________________________________

3.ਬਹੁਤ ਸਾਰੇ ਬੱਚੇ ਸ਼ੁਰੂਆਤੀ ਸਿੱਖਿਆ ਪ੍ਰਾਪਤ ਕਰਨ ਤੋਂ ਪਹਿਲਾਂ ਹੀ ਸਕੂਲ ਕਿਉਂ ਛੱਡ ਦਿੰਦੇ ਹਨ ?

__________________________________

__________________________________

## 5.4.1 ਪੜ੍ਹਨਾ ਸਿਖਾਉਣ ਦੇ ਪ੍ਰਚੱਲਿਤ ਤਰੀਕੇ ਅਤੇ ਉਨ੍ਹਾਂ ਵਿੱਚ ਕਮੀਆਂ

ਅੱਜ ਸਾਡੇ ਸਕੂਲਾਂ ਵਿੱਚ ਜਿਨ੍ਹਾਂ ਤਰੀਕਿਆਂ ਨਾਲ ਪੜ੍ਹਨਾ ਸਿਖਾਇਆ ਜਾਂਦਾ ਹੈ,ਅਜਿਹਾ ਲੱਗਦਾ ਹੈ ਕਿ ਉਨ੍ਹਾਂ ਦੇ ਮੂਲ ਸਿਧਾਂਤ ਕਿਧਰੇ ਖੋ ਗਏ ਹਨ। ਹੇਠ ਕਈ ਤਰੀਕੇ ਅਜਿਹੇ ਦਿੱਤੇ ਗਏ ਹਨ ਜੋ ਆਮ ਤੌਰ 'ਤੇ ਸਕੂਲਾਂ ਵਿੱਚ ਪੜ੍ਹਨਾ ਸਿਖਾਉਣ ਲਈ ਵਰਤੇ ਜਾਂਦੇ ਹਨ, ਪਰ ਇਹ ਤਰੀਕੇ ਬੱਚਿਆਂ ਨੂੰ ਪੜ੍ਹਨਾ ਸਿਖਾਉਣ ਵਿੱਚ ਮਦਦ ਕਰਨ ਦੀ ਬਜਾਏ ਉਨ੍ਹਾਂ ਲਈ ਹੋਰ ਮੁਸ਼ਕਿਲਾਂ ਪੈਦਾ ਕਰਦੇ ਹਨ।

### ਜਲਦੀ ਨਾਲ ਪੜ੍ਹਨ ਦੇ ਨਿਯਮ ਜਾਣਨਾ

ਇਹ ਗੱਲ ਬੇਤੁਕੀ ਹੈ ਕਿਉਂਕਿ ਪੜ੍ਹਨ ਦੇ ਅਜਿਹੇ ਕੋਈ ਨਿਯਮ ਨਹੀਂ ਹਨ। ਘੱਟ ਤੋਂ ਘੱਟ ਅਜਿਹੇ ਤਾਂ ਬਿਲਕੁਲ ਨਹੀਂ ਜੋ ਬੱਚਿਆਂ ਨੂੰ ਢੁਕਵੇਂ ਰੂਪ ਨਾਲ ਪਰਿਭਾਸ਼ਿਤ ਕਰਕੇ ਦੱਸੇ ਜਾ ਸਕਣ। ਸਾਰੇ ਸਮਰੱਥ ਪਾਠਕ ਪੜ੍ਹਨ ਦੇ ਬਾਰੇ ਵਿੱਚ ਜ਼ਰੂਰੀ ਮੌਜੂਦ ਗਿਆਨ ਹਾਸਲ ਕਰ ਲੈਂਦੇ ਹਨ, ਪਰ ਇਹ ਗਿਆਨ ਪੜ੍ਹਨ ਦੇ ਅਭਿਆਸ ਨਾਲ ਵਿਕਸਤ ਹੁੰਦਾ ਹੈ ਨਾ ਕਿ ਸਕੂਲ ਵਿੱਚ ਸਿੱਖਿਆ ਰਾਹੀਂ। ਸਿੱਖਣ ਦੀ ਇਹ ਪ੍ਰਕਿਰਿਆ ਉਸ ਪ੍ਰਕਿਰਿਆ ਵਰਗੀ ਹੀ ਹੈ ਜਿਸ ਦੇ ਜ਼ਰੀਏ ਬੱਚੇ ਮੌਖਿਕ ਭਾਸ਼ਾ ਨੂੰ ਬੋਲਣ ਅਤੇ ਸਮਝਣ ਦੇ ਨਿਯਮ ਬਿਨਾਂ ਕਿਸੇ ਰਸਮੀ ਸਿਖਲਾਈ ਦੇ ਵਿਕਸਤ ਕਰ ਲੈਂਦੇ ਹਨ। ਅਜਿਹਾ ਕੋਈ ਪ੍ਰਮਾਣ ਨਹੀਂ ਹੈ ਕਿ ਵਿਆਕਰਨ ਸਿਖਾਉਣ ਨਾਲ ਬੱਚਿਆਂ ਨੂੰ ਬੋਲਣਾ ਸਿੱਖਣ ਵਿੱਚ ਕੋਈ ਮਦਦ ਮਿਲਦੀ ਹੈ ਅਤੇ ਨਾ ਹੀ ਇਸ ਗੱਲ ਦਾ ਕੋਈ ਸਬੂਤ ਹੈ ਕਿ ਉਚਾਰਣ ਜਾਂ ਹੋਰ ਗੈਰ ਪਾਠ ਗਤੀਵਿਧੀਆਂ ਨਾਲ ਪੜ੍ਹਨ ਦੇ ਵਿਕਾਸ ਵਿੱਚ ਕੋਈ ਮਦਦ ਮਿਲਦੀ ਹੈ।

ਆਮ ਤੌਰ ’ਤੇ ਜਿਨ੍ਹਾਂ ਨੂੰ ਪੜ੍ਹਨ ਦੇ ਨਿਯਮ ਕਿਹਾ ਜਾਂਦਾ ਹੈ ਉਹ ਸਿਰਫ਼ ਪੜ੍ਹਨ ਦਾ ਨਿਰਦੇਸ਼ ਦੇਣ ਦੇ ਸੰਕਤੇ ਹਨ। ਪੜ੍ਹਨਾ ਸਿੱਖਣਾ ਨਿਯਮ ਰੱਟਣ ਦਾ ਮਾਮਲਾ ਨਹੀਂ ਹੈ। ਬੱਚੇ ਪੜ੍ਹਨਾ, ਪੜ੍ਹ ਕੇ ਹੀ ਸਿੱਖਦੇ ਹਨ।

- **ਪੜ੍ਹਨ ਵਿੱਚ ਇਹ ਸੁਨਿਸ਼ਚਿਤ ਕੀਤਾ ਜਾਂਦਾ ਹੈ ਕਿ ਬੱਚੇ ਉਚਾਰਣ ਦੇ ਨਿਯਮ ਸਿੱਖਕੇ ਉਨ੍ਹਾਂ ’ਤੇ ਅਮਲ ਕਰਨ**

ਇਹ ਵਿਆਪਕ ਰੂਪ ਨਾਲ ਸਵੀਕਾਰ ਕੀਤਾ ਜਾਣ ਵਾਲਾ ਪਹਿਲੂ ਹੈ ਕਿ ਪੜ੍ਹਨ ਦੀ ਸਮਰੱਥਾ ਉਸ ਦੇ ਅਨੁਰੂਪ ਪ੍ਰਤੀਕਾਤਮਕ ਪ੍ਰਤੀਨਿਧਤਾ ਨੂੰ ਆਵਾਜ਼ ਨਾਲ ਜੋੜਨ ਵਿੱਚ ਸਮਰੱਥ ਹੋਣ ਨਾਲ ਹੁੰਦੀ ਹੈ। ਪਰ ਅਸਲ ਵਿੱਚ ਪੜ੍ਹਨਾ ਸਿਰਫ਼ ਲਿਖੇ ਹੋਏ ਦਾ ਉਚਾਰਣ ਕਰ ਲੈਣ ਨਾਲ ਪੂਰਾ ਨਹੀਂ ਹੋ ਜਾਂਦਾ। ਉਚਾਰਣ ਕਰਨ ਤੋਂ ਪਹਿਲਾਂ ਹੀ ਅਰਥ ਫੜਨਾ ਹੁੰਦਾ ਹੈ ਅਤੇ ਸਿਰਫ਼ ਆਵਾਜ਼ ਪੈਦਾ ਕਰਨ ਨਾਲ ਅਰਥ ਨਹੀਂ ਬਣਦਾ। ਅੱਖਰਾਂ ਨੂੰ ਆਵਾਜ਼ ਵਿੱਚ ਬਦਲਣਾ ਨਾ ਸਿਰਫ਼ ਜ਼ਰੂਰੀ ਹੈ ਬਲਕਿ ਜ਼ਿਆਦਾ ਮਿਹਨਤ ਵਾਲਾ ਵੀ ਹੈ। ਥੋੜ੍ਹਾ ਧਿਆਨ ਦੇਣ ’ਤੇ ਸਪੱਸ਼ਟ ਹੋ ਜਾਂਦਾ ਹੈ ਕਿ ਰਵਾਨੀ ਪੜ੍ਹਨ ਵਾਲਾ ਪਾਠਕ, ਅਰਥ ਸਮਝਣ ਲਈ, ਅੱਖਰਾਂ ਨੂੰ ਆਵਾਜ਼ਾਂ ਵਿੱਚ ਬਦਲਣ ਦੇ ਚੱਕਰ ਨਹੀਂ ਪੈਂਦੇ ਹਨ। ਇਸ ਦੇ ਬਾਵਜੂਦ ਕਈ ਵਾਰ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਬੱਚਿਆਂ ਨੂੰ ਉਚਾਰਣ ’ਤੇ ਅਧਿਕਾਰ ਕਰਨਾ ਹੀ ਹੋਏਗਾ ਨਹੀਂ ਤਾਂ ਅਜਿਹੇ ਸ਼ਬਦਾਂ ਨੂੰ ਕਿਵੇਂ ਪਛਾਣਨੇ ਜਿਨ੍ਹਾਂ ਨੂੰ ਉਨ੍ਹਾਂ ਨੇ ਪਹਿਲਾਂ ਲਿਖਤੀ ਰੂਪ ਵਿੱਚ ਨਹੀਂ ਦੇਖਿਆ ਹੈ।

- **ਇੱਕ ਹੀ ਸਮੇਂ ’ਤੇ ਇੱਕ ਹੀ ਅੱਖਰ ਜਾਂ ਸ਼ਬਦ ਸਿਖਾਉਣ ’ਤੇ ਜ਼ੋਰ ਦਿੱਤਾ ਜਾਂਦਾ ਹੈ:**

ਇਹ ਗਲਤ ਧਾਰਨਾ ਕਾਫ਼ੀ ਵਿਆਪਕ ਹੈ ਕਿ ਕੁਝ ਬੱਚਿਆਂ ਨੂੰ ਚੀਜ਼ਾਂ ਦੇ ਨਾਂ ਅਤੇ ਅੱਖਰ ਅਤੇ ਸ਼ਬਦ ਸਿੱਖਣ ਵਿੱਚ ਮੁਸ਼ਕਿਲ ਆਉਂਦੀ ਹੈ ਅਤੇ ਇਸ ਨੂੰ ਠੀਕ ਕਰਨ ਦਾ ਸਿਰਫ਼ ਇੱਕ ਹੀ ਉਪਾਅ ਬਾਰ ਬਾਰ ਦੁਹਰਾਉਣਾ ਹੈ। ਇਹ ਦ੍ਰਿਸ਼ਟੀਕੋਣ ਸਿੱਖਣ ਦੀ ਪ੍ਰਕਿਰਿਆ ਪ੍ਰਤੀ ਸਰਲੀਕਰਨ ’ਤੇ ਟਿਕਿਆ ਹੈ। ਬੱਚੇ ਜ਼ਿੰਦਗੀ ਦੇ ਪਹਿਲੇ ਛੇ ਸਾਲਾਂ ਵਿੱਚ ਪ੍ਰਤੀਦਿਨ ਲਗਪਗ ਇੱਕ ਦਰਜਨ ਸ਼ਬਦ ਸਿੱਖਦੇ ਹਨ ਜਿਨ੍ਹਾਂ ਵਿੱਚ ਜ਼ਿਆਦਾਤਰ ‘ਨਾਂ’ ਹੁੰਦੇ ਹਨ। ਇਹ ਸ਼ਬਦ ਉਹ ਖੁਦ ਇੱਕ ਹੀ ਕੋਸ਼ਿਸ਼ ਵਿੱਚ ਸਿੱਖ ਜਾਂਦੇ ਹਨ।

ਬੱਚੇ ਜਿਸ ਤਰ੍ਹਾਂ ਨਾਲ ਸਮੂਹਾਂ ਨੂੰ ਪਰਿਭਾਸ਼ਿਤ ਕਰਨਾ ਸਿੱਖਦੇ ਹਨ, ਉਹ ਕਿਰਿਆ ਕਾਫ਼ੀ ਸਿੱਖਿਆਦਾਇਕ ਹੈ। ਉਹ ਉਸ ਸਥਿਤੀ ਨੂੰ ਦੇਖਦੇ ਹਨ ਜਿਸ ਵਿੱਚ ਨਾਂ ਦਾ ਉਪਯੋਗ ਹੁੰਦਾ ਹੈ। ਫਿਰ ਕੁਝ ਅਜਿਹੇ ਲੱਛਣ ਲੱਭਦੇ ਹਨ ਜਿਸ ਨਾਲ ਉਸ ਸਥਿਤੀ ਨੂੰ ਭਵਿੱਖ ਵਿੱਚ ਪਛਾਣ ਸਕਣ। ਉਹ ਧਾਰਨਾਵਾਂ ਨੂੰ ਸਮਝਣ ਲਈ ਕਲਪਨਾਵਾਂ ਕਰਦੇ ਹਨ। ਬੱਚੇ ਜਿਸ ਤਰ੍ਹਾਂ ਦੀਆਂ ਗਲਤੀਆਂ ਕਰਦੇ ਹਨ, ਉਨ੍ਹਾਂ ਨਾਲ ਅਸੀਂ ਇਹ ਜਾਣ ਸਕਦੇ ਹਾਂ ਕਿ ਇਹ ਕਲਪਨਾਵਾਂ ਕੀ ਹਨ। ਜੇਕਰ ਉਹ ਸਾਰੇ ਚਾਰ ਪੈਰਾਂ ਵਾਲੇ ਪਸ਼ੂਆਂ ਨੂੰ ਕੁੱਤਾ ਕਹਿੰਦੇ ਹਨ ਤਾਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਉਨ੍ਹਾਂ ਦੀ ਮੌਜੂਦਾ ਕਲਪਨਾ ਵਿੱਚ ਕੁੱਤੇ ਦਾ ਅਰਥ ਚਾਰ ਪੈਰਾਂ ਵਾਲਾ ਜਾਨਵਰ ਹੈ। ਜੇਕਰ ਉਹ ਇਸ ਨਾਂ ਨੂੰ ਚਾਰ ਪੈਰਾਂ ਵਾਲੇ ਜਾਨਵਰ ਅਤੇ ਮੇਜ਼ ’ਤੇ ਲਾਗੂ ਕਰਦੇ ਹਨ ਤਾਂ ਮੰਨਿਆ ਜਾ ਸਕਦਾ ਹੈ ਕਿ ‘ਜੀਵਤ ਹੋਣਾ’ ਉਨ੍ਹਾਂ ਦੀ ਕਲਪਨਾ ਵਿੱਚ ਨਹੀਂ ਹੈ। ਜੇਕਰ ਉਹ ਸਿਰਫ਼ ਆਪਣੇ ਕੁੱਤੇ ਨੂੰ ਕੁੱਤਾ ਕਹਿੰਦੇ ਹਨ ਤਾਂ ਇਸ ਦਾ ਮਤਲਬ ਹੈ ਕਿ ਉਹ ਪੂਰਾ ਸਮਾਨੀਕਰਨ ਨਹੀਂ ਕਰ ਰਹੇ।

ਬੱਚੇ ਅਜਿਹੀਆਂ ਕਲਪਨਾਵਾਂ ਤਾਂ ਹੀ ਬਣਾ ਸਕਣਗੇ, ਜਦੋਂ ਉਹ ਸਮੂਹ ਦੇ ਮੈਂਬਰਾਂ ਦੀ ਤੁਲਨਾ ਅਜਿਹੀਆਂ ਚੀਜ਼ਾਂ ਨਾਲ ਕਰਨਗੇ ਜੋ ਮੈਂਬਰ ਨਹੀਂ ਹਨ। ਇਹ ਉੱਨਾ ਹੀ ਮਹੱਤਵਪੂਰਨ ਹੈ ਕਿ ਉਹ ਚਾਰ ਪੈਰਾਂ ਵਾਲੇ ਜਾਨਵਰ ਨੂੰ ਜਾਣਨ, ਜਿਨ੍ਹਾਂ ਨੂੰ ਕੁੱਤਾ ਨਹੀਂ ਕਿਹਾ ਜਾਂਦਾ। ਬੱਚੇ ਆਪਣੀ ਕਲਪਨਾ ਵਿੱਚ ਸੁਧਾਰ ਸਿਰਫ਼ ਉਸ ਨੂੰ ਪਰਖ ਕੇ ਜਾਂ ਹੋਰਾਂ ਦੇ ਵਿਚਾਰ ਜਾਣ ਕੇ ਹੀ ਕਰ ਸਕਦੇ ਹਨ।

ਇਸੀ ਪ੍ਰਕਾਰ ਦੀ ਸਥਿਤੀ ਅੱਖਰਾਂ ਜਾਂ ਸ਼ਬਦਾਂ ਦੇ ਨਾਂ ਸਿੱਖਣ ਵਿੱਚ ਵੀ ਹੁੰਦੀ ਹੈ। ਸਿਰਫ਼ 'ੳ' ਦਿਖਾ ਕੇ ਬਾਰ ਬਾਰ ਦੱਸਣਾ ਕਿ ਇਹ 'ੳ' ਹੈ, ਨਾਲ ਗੱਲ ਨਹੀਂ ਬਣੇਗੀ। ਉਹ ਸ਼ਾਇਦ ਫਿਰ ਵੀ 'ੳ' ਨੂੰ 'ਖ' ਅਤੇ 'ਖ' ਨੂੰ 'ੳ' ਕਹਿੰਦੇ ਰਹਿਣਗੇ। ਇਸ ਦੀ ਬਜਾਏ ਉਨ੍ਹਾਂ ਨੂੰ ਇਹ ਲੱਭਣ ਦੇਣਾ ਚਾਹੀਦਾ ਹੈ ਕਿ 'ੳ' ਅਤੇ 'ਖ' ਕਿਸ ਪ੍ਰਕਾਰ ਨਾਲ ਅਲੱਗ ਹਨ। ਇਸ ਦਾ ਅਰਥ ਹੈ ਕਿ ਪਹਿਲਾਂ ਉਹ ਦੋਨਾਂ ਨੂੰ ਇਕੱਠੇ ਦੇਖ ਸਕਣ, ਤਾਂ ਹੀ ਸਮਝ ਸਕਣਗੇ ਕਿ 'ੳ' ਕਿਸ ਤਰ੍ਹਾਂ 'ਖ' ਤੋਂ ਅਲੱਗ ਹੈ।

- **ਬੱਚਿਆਂ ਨੂੰ ਅੰਦਾਜ਼ਿਆਂ ਅਤੇ ਤੁੱਕਿਆਂ ਤੋਂ ਰੋਕਣਾ ਚਾਹੀਦਾ ਹੈ ਅਤੇ ਇਹ ਉਮੀਦ ਕੀਤੀ ਜਾਂਦੀ ਹੈ ਕਿ ਬੱਚੇ ਸਾਵਧਾਨੀ ਨਾਲ ਪੜ੍ਹਨ:**

ਸਮਰੱਥ ਪਾਠਕ ਘੱਟ ਤੋਂ ਘੱਟ ਦ੍ਰਿਸ਼ਟਮਾਨ ਜਾਣਕਾਰੀ ਦਾ ਜ਼ਿਆਦਾ ਉਪਯੋਗ ਕਰਦੇ ਹਨ। ਅਰਥ ਲਈ ਪੜ੍ਹਨਾ, ਸ਼ਬਦ ਲਈ ਪੜ੍ਹਨ ਨਾਲੋਂ ਸੌਖਾ ਹੈ। ਤੇਜ਼ੀ ਨਾਲ ਪੜ੍ਹਨਾ, ਹੌਲੀ ਪੜ੍ਹਨ ਤੋਂ ਸੌਖਾ ਹੈ। ਅਜੇ ਤੱਕ ਜੋ ਕਿਹਾ ਗਿਆ ਉਸ ਦਾ ਨਿਚੋੜ ਇਹ ਹੈ ਕਿ 'ਸਾਵਧਾਨੀਪੂਰਬਕ ਪੜ੍ਹਨਾ' ਸਮਰੱਥ ਪਾਠਣ ਨਹੀਂ ਹੈ ਅਤੇ ਬਗੈਰ ਉਦੇਸ਼ ਦੇ ਪੜਨਾ ਤਾਂ ਪੜ੍ਹਨਾ ਹੀ ਨਹੀਂ ਹੈ। ਗੁਡਮੈਨ ਨੇ ਪੜ੍ਹਨ ਨੂੰ 'ਮਨੋਭਾਸ਼ਾਈ ਅਟਕਲਾਂ ਦਾ ਖੇਡ' ਠੀਕ ਹੀ ਕਿਹਾ ਹੈ। ਪੜ੍ਹਨ ਲਈ ਪੂਰਵਅਨੁਮਾਨ ਕਰਨਾ ਜ਼ਰੂਰੀ ਹੈ, ਹਵਾ ਵਿੱਚ ਸੋਟੀ ਨਹੀਂ ਬਲਕਿ ਜਾਣਕਾਰੀ ਦੇ ਆਧਾਰ 'ਤੇ ਪੂਰਵ ਅਨੁਮਾਨ। ਜਾਣਕਾਰੀ ਆਧਾਰਿਤ ਅਟਕਲ ਦਾ ਅਰਥ ਹੈ ਪਹਿਲਾਂ ਤੋਂ ਪਤਾ ਅਦ੍ਰਿਸ਼ ਜਾਣਕਾਰੀ ਦਾ ਬਿਹਤਰ ਉਪਯੋਗ। ਦੂਜੇ ਸ਼ਬਦਾਂ ਵਿੱਚ ਪੜ੍ਹਦੇ ਹੋਏ ਲਗਾਤਾਰ ਅਨੁਮਾਨ ਲਗਾਉਣਾ ਚਾਹੀਦਾ ਹੈ ਜਿਸ ਨਾਲ ਅਨਿਸ਼ਚਿਤਤਾ ਘੱਟ ਹੁੰਦੀ ਜਾਂਦੀ ਹੈ ਅਤੇ ਅਰਥ ਸਮਝਣ ਲਈ ਜ਼ਰੂਰੀ ਦ੍ਰਿਸ਼ ਜਾਣਕਾਰੀ ਦੀ ਮਾਤਰਾ ਵਿੱਚ ਕਮੀ ਹੋਵੇ।

ਜਦੋਂ ਕੋਈ ਜਾਣਕਾਰੀ ਜਾਂ ਮੁਸ਼ਕਿਲ ਸਮੱਗਰੀ ਪੜ੍ਹਦੇ ਹਾਂ, ਕੋਈ ਮੁਸ਼ਕਿਲ ਨਾਵਲ ਜਾਂ ਤਕਨੀਕੀ ਲੇਖ ਪੜ੍ਹਦੇ ਹਾਂ ਜਾਂ ਵਿਦੇਸ਼ੀ ਭਾਸ਼ਾ ਵਿੱਚ ਕੁਝ ਪੜ੍ਹਦੇ ਹਾਂ, ਤਾਂ ਅਸੀਂ ਸਾਰੇ ਜਾਣਦੇ ਹਾਂ ਕਿ ਲਗਾਤਾਰ ਸ਼ਬਦਕੋਸ਼ ਦੇਖ ਦੇਖ ਕੇ ਵਾਕ ਦਰ ਵਾਕ ਘਸੀਟਣਾ ਮੁਸ਼ਕਿਲ ਹੁੰਦਾ ਹੈ। ਅਜਿਹੇ ਵਿੱਚ ਸਾਨੂੰ ਲੱਗ ਸਕਦਾ ਹੇ ਕਿ ਗਤੀ ਥੋੜ੍ਹੀ ਘੱਟ ਕਰ ਦਈਏ, ਪਰ ਅਸਲ ਵਿੱਚ ਅਜਿਹੀ ਸਥਿਤੀ ਸਭ ਤੋਂ ਵਧੀਆ ਰਣਨੀਤੀ ਹੋਏਗੀ ਕਿ ਹੋਰ ਤੇਜ਼ ਪੜ੍ਹੀਏ, ਪੜ੍ਹਦੇ ਜਾਈਏ।

ਹੁਣ ਤੱਕ ਜਿੰਨੀਆਂ ਗੱਲਾਂ ਕਹੀਆਂ ਗਈਆਂ ਹਨ, ਉਨ੍ਹਾਂ ਨਾਲ ਇੱਕ ਮਹੱਤਵਪੂਰਨ ਆਮ ਸਿਧਾਂਤ ਇਹ ਉੱਭਰਤਾ ਹੈ ਕਿ ਪੜ੍ਹਨਾ ਖੁਦ ਸੰਕੇਤ ਪ੍ਰਦਾਨ ਕਰਦਾ ਹੈ। ਕਿਸੇ ਪਾਠ ਵਿੱਚ ਅਣਜਾਣੇ ਸ਼ਬਦ ਪਛਾਨਣ ਦਾ ਸਭ ਤੋਂ ਵਧੀਆ ਤਰੀਕਾ ਹੈ ਕਿ ਬਾਕੀ ਪਾਠ ਵਿੱਚੋਂ ਉਸ ਸ਼ਬਦ ਦੇ ਬਾਰੇ ਵਿੱਚ ਸਿੱਟਾ ਕੱਢਿਆ ਜਾਏ। ਕਿਸੇ ਮੁਸ਼ਕਿਲ ਸ਼ਬਦ ਦਾ ਅਰਥ ਲੱਭਣ ਦਾ ਸਰਵਸ਼੍ਰੇਸ਼ਠ ਤਰੀਕਾ ਹੈ ਕਿ ਉਸ ਨੂੰ ਹੋਰ ਪੜ੍ਹਿਆ ਜਾਏ।

- **ਸ਼ਬਦ ਦਰ ਸ਼ਬਦ ਪੜ੍ਹਨ 'ਤੇ ਜ਼ੋਰ ਦੇਣਾ ਚਾਹੀਦਾ ਹੈ:**

ਅਲੱਗ ਅਲੱਗ ਸ਼ਬਦਾਂ ਨੂੰ ਪਛਾਣਨ ਜਾਂ ਸਿੱਖਣ 'ਤੇ ਜ਼ੋਰ ਨਾ ਪਾਉਣ ਦਾ ਇੱਕ ਹੋਰ ਕਾਰਨ ਇਹ ਵੀ ਹੈ ਕਿ ਇਹ ਸਭ ਤੋਂ ਮੁਸ਼ਕਿਲ ਤਰੀਕਾ ਹੈ। ਰਵਾਨੀ ਪੜ੍ਹਨ ਵਾਲਾ ਪਾਠਕ ਦੂਜੇ ਸੰਕੇਤਾਂ ਦਾ ਉਪਯੋਗ ਕਰਦੇ ਹਨ। ਕੋਈ ਅੱਖਰ ਜਦੋਂ ਕਿਸੇ ਸ਼ਬਦ ਵਿੱਚ ਆਉਂਦਾ ਹੈ ਜਾਂ ਕੋਈ ਸ਼ਬਦ ਜਦੋਂ ਕਿਸੇ ਸਾਰਥਕ ਵਾਕ ਵਿੱਚ ਆਉਂਦਾ ਹੈ ਤਾਂ ਉਸ ਨੂੰ ਪਛਾਨਣਾ ਜ਼ਿਆਦਾ ਸੌਖਾ ਹੁੰਦਾ ਹੈ, ਬਜਾਏ ਕਿ ਉਸ ਦੇ ਇਕੱਲੇ ਆਉਣ ਨਾਲ। ਸ਼ਬਦਾਂ ਨੂੰ ਪਛਾਨਣਾ, ਪੜ੍ਹਨ ਦਾ ਸਭ ਤੋਂ ਮਹੱਤਵਪੂਰਨ ਅੰਗ ਨਹੀਂ ਹੈ। ਇਕੱਲੇ ਪੜ੍ਹੇ ਸ਼ਬਦ ਨੂੰ ਪਛਾਨਣ ਲਈ ਜ਼ਿਆਦਾ ਦ੍ਰਿਸ਼ ਸੰਕੇਤਾਂ ਦੀ ਜ਼ਰੂਰਤ ਹੁੰਦੀ ਹੈ, ਬਜਾਏ ਕਿ ਕਿਸੇ ਵਾਕ ਵਿੱਚ ਢੁਕਵੇਂ ਸ਼ਬਦ ਦੇ। ਕਿਉਂਕਿ ਸਾਡੇ ਦੇਖਣ ਦੇ ਸਿਸਟਮ ਵਿੱਚ ਜਾਣਕਾਰੀ

ਪਚਾਉਣ ਦੀ ਸਮਰੱਥਾ ਅਤੇ ਕੰਮਕਾਜੀ ਯਾਦਾਸ਼ਤ ਸੀਮਿਤ ਹੈ, ਇਸ ਲਈ ਬਹੁਤ ਜ਼ਿਆਦਾ ਮਾਤਰਾ ਵਿੱਚ ਦ੍ਰਿਸ਼ਟਮਾਨ ਜਾਣਕਾਰੀ ਮਿਲਣ ਨਾਲ ਪੜ੍ਹਨਾ ਮੁਸ਼ਕਿਲ ਹੋ ਜਾਂਦਾ ਹੈ। ਪੜ੍ਹਨਾ ਸਿੱਖਣ ਦਾ ਮਹੱਤਵਪੂਰਨ ਅੰਗ ਇਹ ਸਿੱਖਣਾ ਹੈ ਕਿ ਜਿੱਥੋਂ ਤੱਕ ਸੰਭਵ ਹੋਵੇ ਘੱਟ ਤੋਂ ਘੱਟ ਦ੍ਰਿਸ਼ ਜਾਣਕਾਰੀ ਦਾ ਉਪਯੋਗ ਕੀਤਾ ਜਾਵੇ।

ਰਵਾਨੀ ਨਾਲ ਪੜ੍ਹਨ ਵਾਲੇ ਪਾਠਕ ਸ਼ਬਦ ਨਹੀਂ ਪੜ੍ਹਦੇ, ਉਹ ਅਰਥ ਪੜ੍ਹਦੇ ਹਨ। ਅਰਥ ਲਈ ਪੜ੍ਹਨਾ, ਸ਼ਬਦ ਪੜ੍ਹਨ ਤੋਂ ਕਿਧਰੇ ਜ਼ਿਆਦਾ ਸੌਖਾ ਹੈ। ਬੱਚੇ ਨਿਰਸੰਕੋਚ ਇਸ ਗੱਲ ਨੂੰ ਜਾਣਦੇ ਹਨ ਕਿਉਂਕਿ ਹਰ ਸ਼ਬਦ ਨੂੰ ਪੜ੍ਹਨਾ ਉਸ ਦੀ ਜਾਣਕਾਰੀ ਪਚਾਉਣ ਦੀ ਸਮਰੱਥਾ 'ਤੇ ਬਹੁਤ ਜ਼ਿਆਦਾ ਦਬਾਅ ਪਾਉਂਦਾ ਹੈ।

- **ਪੜ੍ਹਨ ਵਿੱਚ ਸਟੀਕਤਾ ਅਤੇ ਰਵਾਨੀ ਦਾ ਹੋਣਾ ਜ਼ਰੂਰੀ ਹੈ:**

ਬਿਨਾਂ ਗਲਤੀਆਂ ਦੇ ਪੜ੍ਹਨਾ ਨਹੀਂ ਆ ਸਕਦਾ। ਅਸੀਂ ਪਸ਼ੂਆਂ, ਪੇੜ-ਪੌਦਿਆਂ, ਸ਼ਬਦਾਂ ਆਦਿ ਦੇ ਨਾਂ ਪੜ੍ਹਨਾ ਨਹੀਂ ਸਿੱਖ ਸਕਾਂਗੇ ਜੇਕਰ ਅਸੀਂ 'ਗਲਤ' ਹੋਣ ਦੀ ਸੰਭਾਵਨਾ ਨੂੰ ਸਵੀਕਾਰ ਨਹੀਂ ਕਰਦੇ। ਅਸਲ ਵਿੱਚ ਪੜ੍ਹਨਾ ਸਿੱਖਣ ਵਿੱਚ ਸਭ ਤੋਂ ਵੱਡੀ ਰੁਕਾਵਟ ਇਹੀ ਆ ਸਕਦੀ ਹੈ ਕਿ ਗਲਤ ਹੋਣ ਦੇ ਡਰ ਨਾਲ ਬੱਚੇ ਪੜਨ ਹੀ ਨਾ। ਇਸ ਲਈ ਬੱਚਿਆਂ ਰਾਹੀਂ ਪੜ੍ਹਨ ਦੇ ਦੌਰਾਨ ਕੀਤੀਆਂ ਗਈਆਂ ਗਲਤੀਆਂ ਪੜ੍ਹਨਾ ਸਿੱਖਣ ਦੀ ਪ੍ਰਕਿਰਿਆ ਦਾ ਜ਼ਰੂਰੀ ਅਤੇ ਸੁਭਾਵਿਕ ਪੜਾਅ ਹੈ।

ਜੇਕਰ ਕਹਿਣ ਤੋਂ ਪਹਿਲਾਂ ਹੀ ਬੱਚੇ ਨੂੰ ਪਤਾ ਹੈ ਕਿ ਉਹ ਸਹੀ ਹੈ ਜਾਂ ਬਾਅਦ ਵਿੱਚ ਪਤਾ ਲੱਗਣ 'ਤੇ ਉਸ ਨੂੰ ਕੀ ਹਾਸਲ ਹੋਏਗਾ ? ਪਰ ਜੇਕਰ ਬੱਚੇ ਕਿਸੇ ਵਸਤੂ ਦੇ ਨਾਂ ਜਾਂ ਅਰਥ ਦੇ ਬਾਰੇ ਵਿੱਚ ਕੁਝ ਕਹਿੰਦੇ ਹਨ ਅਤੇ ਜਾਣਦੇ ਹਨ ਕਿ ਇਹ ਗਲਤ ਵੀ ਹੋ ਸਕਦਾ ਹੈ, ਤਾਂ ਬਾਅਦ ਵਿੱਚ ਮਿਲਣ ਵਾਲੇ ਪਰਿਣਾਮ ਤੋਂ ਉਹ ਕੁਝ ਸਿੱਖ ਸਕਣਗੇ। ਜੇਕਰ ਉਹ ਸਹੀ ਸਨ ਤਾਂ ਉਨ੍ਹਾਂ ਦੀ ਕਲਪਨਾ ਦੀ ਪੁਸ਼ਟੀ ਹੋਏਗੀ ਅਤੇ ਜੇਕਰ ਉਹ ਗਲਤ ਹੋਏ ਤਾਂ ਵੀ ਉਨ੍ਹਾਂ ਨੂੰ ਕੁਝ ਮਹੱਤਵਪੂਰਨ ਜਾਣਕਾਰੀ ਮਿਲੇਗੀ ਕਿ ਉਨ੍ਹਾਂ ਨੂੰ ਆਪਣੀ ਕਲਪਨਾ ਨੂੰ ਬਦਲਣਾ ਹੈ।

- **ਪੜ੍ਹਦੇ ਸਮੇਂ ਗਲਤੀ ਹੋਣ 'ਤੇ ਤੁਰੰਤ ਟੋਕਿਆ ਜਾਂਦਾ ਹੈ:**

ਅਧਿਆਪਕ ਲਈ ਇਹ ਬਹੁਤ ਸੌਖਾ ਹੈ ਕਿ ਜਿਵੇਂ ਹੀ ਕੋਈ ਬੱਚਾ ਕਿਸੇ ਸ਼ਬਦ ਨੂੰ ਗਲਤ ਪੜ੍ਹੇ ਤਾਂ ਤੁਰੰਤ ਉਸ ਨੂੰ ਦੱਸ ਦਿੱਤਾ ਜਾਏ। ਪਰ ਇਸ ਨਾਲ ਕੋਈ ਮਦਦ ਨਹੀਂ ਮਿਲਦੀ ਕਿਉਂਕਿ ਉਹ ਬੱਚਾ ਤਾਂ ਸ਼ਬਦ ਪਛਾਣ ਕੇ ਹੀ ਨਹੀਂ ਪੜ੍ਹ ਰਿਹਾ। ਉਹ ਤਾਂ ਅਰਥ ਲਈ ਪੜ੍ਹ ਰਿਹਾ ਹੈ। ਜੇਕਰ ਬੱਚਾ ਸ਼ਬਦ ਪਛਾਣ ਦਾ ਅਭਿਆਸ ਕਰ ਰਿਹਾ ਹੈ ਅਤੇ ਜਾਣਨਾ ਚਾਹੁੰਦਾ ਹੈ ਕਿ ਉਹ ਕਿਹੜਾ ਸ਼ਬਦ ਹੈ ਤਾਂ ਤੁਰੰਤ ਟਿੱਪਣੀ ਮਦਦਗਾਰ ਹੋ ਸਕਦੀ ਹੈ ਪਰ ਜੇਕਰ ਬੱਚਾ ਸਾਧਾਰਨ ਅਰਥ ਜਾਣਨ ਲਈ ਪੜ੍ਹ ਰਿਹਾ ਹੈ ਤਾਂ ਤੁਰੰਤ ਟਿੱਪਣੀ ਨਾ ਸਿਰਫ਼ ਅਣਉਪਯੋਗੀ ਹੈ ਬਲਕਿ ਨੁਕਸਾਨਦਾਇਕ ਵੀ ਹੈ। ਇਨ੍ਹਾਂ ਗੱਲਾਂ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਪੜ੍ਹਨ ਦੇ ਕ੍ਰਮ ਵਿੱਚ ਅਸੀਂ ਖੁਦ ਹੀ ਟਿੱਪਣੀ ਕਰਦੇ ਜਾਂਦੇ ਹਾਂ। ਅਸੀਂ ਖੁਦ ਹੀ ਸਮਝਣ ਦੀਆਂ ਗਲਤੀਆਂ ਅਤੇ ਸ਼ਬਦ ਪਛਾਣ ਦੀਆਂ ਗਲਤੀਆਂ ਜਾਂਚਦੇ ਜਾ ਸਕਦੇ ਹਾਂ, ਬਸ਼ਰਤੇ ਕਿ ਅਸੀਂ ਅਰਥ ਲਈ ਪੜ੍ਹ ਰਹੀ ਹੋਈਏ।

- **ਬੱਚਿਆਂ ਦੀ ਖੁਦ ਪੜ੍ਹਨਾ ਸਿੱਖਣ ਦੀ ਸਮਰੱਥਾ ਨੂੰ ਨਕਾਰਿਆ ਜਾਂਦਾ ਹੈ:**

ਬੱਚੇ ਅਕਸਰ ਪੜ੍ਹਨ ਦੇ ਅਜਿਹੇ ਕਈ ਪੱਖ ਖੁਦ ਸਿੱਖ ਜਾਂਦੇ ਹਨ ਜੋ ਉਨ੍ਹਾਂ ਨੂੰ ਕੋਈ ਨਹੀਂ ਪੜ੍ਹਾਉਂਦਾ, ਨਾ ਮਾਤਾ ਪਿਤਾ ਨਾ ਅਧਿਆਪਕ। ਉਦਾਹਰਨ ਲਈ ਬੱਚਿਆਂ ਨੂੰ ਇਹ ਕੋਈ ਨਹੀਂ ਦੱਸਦਾ ਕਿ ਹਿੰਦੀ ਵਿੱਚ 'ਮਰ' ਵਿੱਚ 'ਮ' ਪੂਰਾ ਹੈ, ਪਰ 'ਰਮ' ਵਿੱਚ ਉਹ 'ਮ' ਅੱਧਾ ਹੈ। ਇਸੀ ਪ੍ਰਕਾਰ ਉਹ ਨਿਯਮ ਕਿ 'ਸੰਬੰਧ' ਜਿਵੇਂ ਸ਼ਬਦ ਵਿੱਚ ਪਹਿਲਾ ਸਵਰ 'ਮ' ਦੇ ਬਰਾਬਰ ਹੈ

ਕਿਉਂਕਿ ਉਸ ਦੇ ਬਾਅਦ ਪਵਰਗ ਦੀ 'ਬ' ਆਵਾਜ਼ ਹੈ ਅਤੇ ਦੂਜਾ ਸਵਰ 'ਨ' ਦੇ ਬਰਾਬਰ ਹੈ ਕਿਉਂਕਿ ਉਸ ਤੋਂ ਬਾਅਦ ਧਵਰਗ ਦੀ 'ਧ' ਆਵਾਜ਼ ਹੈ। ਪੜ੍ਹਨ ਨਾਲ ਇਹ ਨਿਯਮ ਬੱਚੇ ਖੁਦ ਫੜ ਲੈਂਦੇ ਹਨ। ਇਸੀ ਪ੍ਰਕਾਰ 'ਰ' ਕਿਸ ਰੂਪ ਨਾਲ ਕਿੱਥੇ ਦਿਖਾਈ ਦੇਏਗਾ ਅਤੇ ਉਹ ਕਿਵੇਂ ਪੜ੍ਹਿਆ ਜਾਏਗਾ, ਇਸ ਦੇ ਨਿਯਮ ਵੀ ਬੱਚੇ ਖੁਦ ਹੀ ਸਿੱਖਦੇ ਹਨ। 'ਕ੍ਰਮ, ਕਰਮ, ਟਰੱਕ' ਵਿੱਚ 'ਰ' ਦੀ ਆਵਾਜ਼ ਅਲੱਗ ਅਲੱਗ ਰੂਪ ਵਿੱਚ ਹੈ। 'ਕ੍ਰਮ ਅਤੇ ਟਰੱਕ' ਵਿੱਚ 'ਰ' ਪੂਰਾ ਹੈ, ਪਰ ਉਸ ਨੂੰ ਲਿਖਣ ਦਾ ਰੂਪ ਅਲੱਗ ਅਲੱਗ ਹੈ। ਜੋ ਰੂਪ ਸਾਨੂੰ 'ਟਰੱਕ' ਵਿੱਚ ਦਿਖਾਈ ਦਿੰਦਾ ਹੈ, ਉਹ ਕੇਵਲ ਟਵਰਗ ਦੇ ਨਾਲ ਹੀ ਆਉਂਦਾ ਹੈ। ਅਤੇ 'ਕ੍ਰਮ' ਵਿੱਚ ਤਾਂ 'ਰ' ਅੱਧਾ ਹੈ। ਪੜ੍ਹਨ ਨੂੰ ਇਹ ਸਭ ਮੁਸਕਿਲ ਨਿਯਮ ਬੱਚਾ ਖੁਦ ਹੀ ਫੜ ਲੈਂਦਾ ਹੈ। ਜੇਕਰ ਅਸੀਂ ਬੱਚਿਆਂ ਦੀ ਇਸ ਤਰ੍ਹਾਂ ਦੀ ਸਮਰੱਥਾ ਨੂੰ ਧਿਆਨ ਵਿੱਚ ਰੱਖੀਏ ਤਾਂ ਸ਼ਾਇਦ ਸਾਡੇ ਪੜ੍ਹਾਉਣ ਦੇ ਤਰੀਕੇ ਬਿਲਕੁਲ ਬਦਲ ਜਾਣ। ਸਟੀਕਤਾ ਅਤੇ ਗਲਤੀਆਂ ਸੁਧਾਰਨ ਦੀ ਬਜਾਏ ਸਾਡਾ ਧਿਆਨ ਇਸ ਤਰਫ਼ ਜਾਏਗਾ ਕਿ ਬੱਚੇ ਨੂੰ ਜ਼ਿਆਦਾ ਤੋਂ ਜ਼ਿਆਦਾ ਦਿਲਚਸਪ ਅਤੇ ਚੁਣੌਤੀ ਭਰੀ ਸਮੱਗਰੀ ਦਿੱਤੀ ਜਾਏਗੀ।

**ਆਪਣੀ ਪ੍ਰਗਤੀ ਨੂੰ ਪਰਖੋ: 3**

1. ਪੜ੍ਹਨਾ ਸਿੱਖਣ ਦੀ ਪ੍ਰਕਿਰਿਆ ਦਾ ਜ਼ਰੂਰੀ ਅਤੇ ਸੁਭਾਵਿਕ ਪੜਾਅ ਹੈ ?

   (ੳ) ਪੜ੍ਹਨ ਦੇ ਦੌਰਾਨ ਕੀਤੀਆਂ ਗਈਆਂ ਗਲਤੀਆਂ (ਅ) ਗਲਤੀਆਂ ਨਾ ਕਰਨਾ

   (ੲ) ਅੱਖਰਾਂ ਨੂੰ ਰੱਟਣਾ (ਸ) ਸ਼ਬਦ ਨੂੰ ਰੱਟਣਾ

2. ਪੜ੍ਹਨਾ ਸਿੱਖਣ ਦੇ ਦੌਰਾਨ ਕਿਸੇ ਸ਼ਬਦ ਨੂੰ ਪੜ੍ਹਨ ਵਿੱਚ ਕੀਤੀ ਗਈ ਗਲਤੀ 'ਤੇ ਬੱਚੇ ਨੂੰ ਤੁਰੰਤ ਜਾਂ ਵਿਚਕਾਰ ਹੀ ਨਹੀਂ ਟੋਕਣਾ ਚਾਹੀਦਾ। ਕਿਉਂ ?

   ——————————————————————————

   ——————————————————————————

   ——————————————————————————

3. ਪੜ੍ਹਨਾ ਸਿੱਖਣਾ ਨਿਯਮ ਰੱਟਣ ਦਾ ਮਾਮਲਾ ਨਹੀਂ ਹੈ। ਕਿਉਂ ?

   ——————————————————————————

   ——————————————————————————

   ——————————————————————————

4. ਪੜ੍ਹਨਾ ਸਿਖਾਉਣ ਦੇ ਪ੍ਰਚੱਲਿਤ ਤਰੀਕੇ ਕੀ ਕੀ ਹਨ ?

   ——————————————————————————

   ——————————————————————————

   ——————————————————————————

5. ਪੜ੍ਹਨਾ ਸਿਖਾਉਣ ਦੇ ਪ੍ਰਚੱਲਿਤ ਤਰੀਕਿਆਂ ਵਿੱਚ ਕੀ ਕੀ ਘਾਟਾਂ ਹਨ ? ਉਦਾਹਰਨ ਦੇ ਕੇ ਦੱਸੋ।

________________________

________________________

________________________

6. ਇਸ ਗੱਲ ਦਾ ਕੀ ਪ੍ਰਮਾਣ ਹੈ ਕਿ ਪੜ੍ਹਨ ਦੇ ਬਹੁਤ ਸਾਰੇ ਪੱਖ ਬੱਚੇ ਖੁਦ ਹੀ ਸਿੱਖ ਜਾਂਦੇ ਹਨ ?

________________________

## 5.4.2 ਪੜ੍ਹਨਾ ਸਿੱਖਣ ਦੀਆਂ ਸ਼ਰਤਾਂ

**ਪੜ੍ਹਨ ਦੇ ਭਰਪੂਰ ਮੌਕੇ ਹੋਣ:**

ਭਾਸ਼ਾ ਦੀ ਕਲਾਸ ਵਿੱਚ ਪੜ੍ਹਨਾ ਸਿਖਾਉਂਦੇ ਸਮੇਂ ਦੋ ਤਿੰਨ ਗੱਲਾਂ 'ਤੇ ਧਿਆਨ ਦੇਣਾ ਚਾਹੀਦਾ ਹੈ। ਪਹਿਲੀ ਗੱਲ ਤਾਂ ਇਹ ਕਿ ਪੜ੍ਹਨ ਲਿਖਣ ਦੀ ਜੋ ਸਮੱਗਰੀ ਹੋਵੇ, ਉਹ ਸਾਰਥਿਕ ਹੋਵੇ ਅਤੇ ਬੱਚੇ ਦੇ ਪੱਧਰ ਦੀ ਹੋਵੇ। ਦੂਜੀ ਗੱਲ ਇਹ ਹੈ ਕਿ ਜੋ ਸਮੱਗਰੀ ਦਿੱਤੀ ਜਾ ਰਹੀ ਹੈ, ਉਹ ਜਾਣੂ ਭਾਸ਼ਾ ਵਿੱਚ ਹੋਵੇ। ਤੀਜੀ ਗੱਲ ਇਹ ਹੈ ਕਿ ਅਧਿਆਪਕ ਬੱਚਿਆਂ ਨੂੰ ਅਲੱਗ ਅਲੱਗ ਤਰ੍ਹਾਂ ਦੀ ਪਾਠ ਸਮੱਗਰੀ ਨੂੰ ਪੜ੍ਹਨ ਅਤੇ ਸਮਝਣ ਦੇ ਜ਼ਿਆਦਾ ਤੋਂ ਜ਼ਿਆਦਾ ਅਵਸਰ ਦੇਣ। ਅਧਿਆਪਕ ਬੱਚਿਆਂ ਦੇ ਨਾਲ ਸਾਰਥਕ ਸੰਵਾਦ ਕਰਨ, ਉਨ੍ਹਾਂ ਦੀਆਂ ਗੱਲਾਂ ਨੂੰ ਪਿਆਰ ਨਾਲ ਸੁਣਨ ਅਤੇ ਉਸ ਨੂੰ ਦੂਜਿਆਂ ਦੀ ਗੱਲਬਾਤ ਨੂੰ ਸੁਣਨ ਦੇ ਮੌਕੇ ਦੇਣ। ਪੜ੍ਹਨਾ ਸਿੱਖਣ ਵਿੱਚ ਲਿਖਤ ਸਮੱਗਰੀ ਨੂੰ ਅੱਖਰ, ਮਾਤਰਾ, ਉਚਾਰਣ ਆਦਿ ਵਿੱਚ ਵੰਡ ਕੇ ਟੁਕੜਿਆਂ ਵਿੱਚ ਸਿੱਖਣ ਨਾਲ ਕੋਈ ਮਤਲਬ ਨਹੀਂ ਨਿਕਲਦਾ ਹੈ ਅਤੇ ਨਾ ਹੀ ਇਹ ਸਭ ਕਿਸੇ ਨਿਸ਼ਚਿਤ ਕ੍ਰਮ ਵਿੱਚ ਸਿੱਖੇ ਜਾ ਸਕਦੇ ਹਨ। ਪੜ੍ਹਨਾ ਸਿੱਖਣਾ, ਪੜ੍ਹ ਕੇ ਸਿੱਖਿਆ ਜਾ ਸਕਦਾ ਹੈ। ਬੱਚੇ ਪੜ੍ਹਨਾ ਤਾਂ ਹੀ ਸਿੱਖਣਗੇ ਜਦੋਂ ਪੜ੍ਹਨਾ ਉਨ੍ਹਾਂ ਲਈ ਮਜ਼ੇਦਾਰ ਹੋਏਗਾ।

**ਪੜ੍ਹਨਾ ਉਦੇਸ਼ਪੂਰਨ ਅਤੇ ਚੁਣੌਤੀਪੂਰਨ ਹੋਵੇ:**

ਪਾਠਕ ਲਈ ਪੜ੍ਹਨ ਦੀ ਸਮੱਗਰੀ ਸਾਰਥਕ ਅਤੇ ਚੁਣੌਤੀਪੂਰਨ ਹੋਣੀ ਚਾਹੀਦੀ ਹੈ। ਜਦੋਂ ਅਸੀਂ ਕੁਝ ਵੀ ਪੜ੍ਹਦੇ ਹਾਂ ਤਾਂ ਕੁਝ ਉਦੇਸ਼ਾਂ ਦੀ ਪ੍ਰਾਪਤੀ ਲਈ ਪੜ੍ਹਦੇ ਹਾਂ ਜਿਵੇਂ ਆਨੰਦ ਲਈ ਪੜ੍ਹਨਾ, ਜਗਿਆਸਾ ਲਈ ਪੜ੍ਹਨਾ, ਕਹਾਣੀ ਦੇ ਘਟਨਾਕ੍ਰਮ ਨੂੰ ਜਾਣਨ ਲਈ ਪੜ੍ਹਨਾ, ਕਹਾਣੀ ਦਾ ਅੰਤ ਕੀ ਹੋਏਗਾ ਜਾਣਨ ਲਈ ਪੜ੍ਹਨਾ, ਸਾਡੇ ਆਸ ਪਾਸ ਜੋ ਹੋ ਰਿਹਾ ਹੈ, ਉਸ ਦੀ ਗੱਲ ਕਹੀ ਗਈ ਹੈ ਜਾਂ ਨਹੀਂ, ਇਹ ਜਾਣਨ ਲਈ ਪੜ੍ਹਨਾ। ਕਲਾਸ ਵਿੱਚ ਜੇਕਰ ਇਸ ਤਰ੍ਹਾਂ ਦੀਆਂ ਚੁਣੌਤੀਆਂ ਮਿਲਣ ਅਤੇ ਇਨ੍ਹਾਂ ਚੁਣੌਤੀਆਂ ਦੇ ਕਾਰਨ ਉਨ੍ਹਾਂ ਨੂੰ ਕੁਝ ਜਾਣਨ, ਦੱਸਣ, ਅਨੁਭਵ ਵੰਡਣ ਲਈ ਮੌਕੇ ਮਿਲਣਗੇ ਤਾਂ ਉਹ ਪੜ੍ਹਨਾ ਜਲਦੀ ਸਿੱਖਣਗੇ। ਜੇਕਰ ਅਰਥ ਤੱਕ ਪਹੁੰਚਣਾ ਚੁਣੌਤੀ ਹੋਏਗੀ ਤਾਂ ਉਹ ਪੜ੍ਹਨ ਲਈ ਪ੍ਰੇਰਿਤ ਹੋਣਗੇ। ਜਦੋਂ ਅਸੀਂ ਕਲਾਸ ਵਿੱਚ ਬੱਚਿਆਂ ਨੂੰ ਇੱਕ ਸਮਰਿੱਧ ਲਿਖਤ ਵਾਤਾਵਰਣ ਉਪਲੱਬਧ ਕਰਾਉਂਦੇ ਹਾਂ ਤਾਂ ਦਰਅਸਲ ਅਸੀਂ ਇੱਕ 'ਉਤਸ਼ਾਹਪੂਰਣ ਕਲਾਸ' ਦਾ ਨਿਰਮਾਣ ਕਰਦੇ ਹਾਂ। ਸਾਰਥਕ ਅਤੇ ਚੁਣੌਤੀਪੂਰਨ ਲਿਖਤ ਭਾਸ਼ਾ ਨਾਲ ਸਮਰਿੱਧ ਵਾਤਾਵਰਣ ਬੱਚਿਆਂ ਨੂੰ ਪੜ੍ਹਨਾ ਸਿੱਖਣ ਲਈ ਪ੍ਰੇਰਿਤ ਕਰਦਾ ਹੈ।

**ਪ੍ਰਸੰਗਿਕ ਪੜ੍ਹਨ ਸਮੱਗਰੀ:**

ਬੱਚੇ ਭਾਸ਼ਾ ਸਿੱਖਣਾ ਅਤੇ ਪੜ੍ਹਨਾ ਕਿਸੇ ਪ੍ਰਸੰਗ ਵਿੱਚ ਕਰਦੇ ਹਨ। ਕਹਾਣੀਆਂ ਅਤੇ ਕਵਿਤਾਵਾਂ ਦੀਆਂ ਕਿਤਾਬਾਂ ਆਪਣੇ ਆਪ ਵਿੱਚ ਇਸ ਉਦੇਸ਼ ਲਈ ਇੱਕ ਰੌਚਕ ਪ੍ਰਸੰਗ ਹੈ। ਕਹਾਣੀ ਸੁਣਾਉਂਦੇ ਸੁਣਾਉਂਦੇ ਤੁਸੀਂ ਵਿਚਕਾਰ ਰੁਕ ਜਾਓ ਤਾਂ ਕਿ ਬੱਚੇ ਅੱਗੇ ਦਾ ਸ਼ਬਦ/ਵਾਕ ਪੂਰਾ ਕਰਨ। ਕਈ ਮਹੱਤਵਪੂਰਨ ਧਾਰਨਾਵਾਂ ਕਹਾਣੀ ਦਾ ਸਹਿਜ ਹਿੱਸਾ ਹੁੰਦੀਆਂ ਹਨ ਜਿਵੇਂ ਵੱਡਾ-ਛੋਟਾ, ਦੂਰ-ਕੋਲ, ਮੋਟਾ-ਪਤਲਾ ਆਦਿ। ਅਤੇ ਬੱਚੇ ਇਨ੍ਹਾਂ ਨੂੰ ਕਹਾਣੀ ਦੇ ਮਾਧਿਅਮ ਨਾਲ ਖ਼ੂਬ ਫੜਦੇ ਹਨ। ਕਹਾਣੀ ਦੇ ਸੰਦਰਭ ਨਾਲ ਇਨ੍ਹਾਂ ਦਾ ਅਹਿਸਾਸ ਹੁੰਦਾ ਹੈ ਅਤੇ ਅਭਿਨੈ ਨਾਲ ਉਨ੍ਹਾਂ ਦਾ ਅਰਥ ਹੋਰ ਸਪੱਸ਼ਟ ਹੋ ਜਾਂਦਾ ਹੈ। ਇਹੀ ਨਹੀਂ ਇਸ ਤੋਂ ਇਲਾਵਾ ਬੱਚਿਆਂ ਦੇ ਸੰਦਰਭ ਦੇ ਹਿਸਾਬ ਨਾਲ ਆਪਣੇ ਆਪ ਨੂੰ ਵਿਭਿੰਨ ਪਾਤਰਾਂ ਅਤੇ ਕਾਲਪਨਿਕ ਸਥਿਤੀਆਂ ਵਿੱਚ ਢਾਲਣ ਦਾ ਮੌਕਾ ਮਿਲਦਾ ਹੈ। ਪਹਿਲਾਂ ਤਾਂ ਬੱਚੇ ਸਿਰਫ਼ ਕੁਝ ਪਾਤਰਾਂ ਦੀਆਂ ਵਿਸ਼ੇਸ਼ਤਾਵਾਂ ਦੀ ਨਕਲ ਕਰਦੇ ਹਨ ਜਿਵੇਂ ਉਨ੍ਹਾਂ ਦੀ ਚਾਲ ਆਦਿ ਦੀ। ਉਦਾਹਰਨ ਲਈ ਮੁਰਗਾ ਕਿਵੇਂ ਚੱਲਦਾ ਹੈ, ਖਰਗੋਸ਼ ਕਿਵੇਂ ਫੁਦਕਦਾ ਹੈ, ਘੋੜਾ ਕਿਵੇਂ ਲੱਤ ਮਾਰਦਾ ਹੈ ਆਦਿ। ਫਿਰ ਇਹ ਹੀ ਸੰਦਰਭ ਬੱਚਿਆਂ ਨੂੰ ਪੜ੍ਹਨਾ ਸਿਖਾਉਣ ਵਿੱਚ ਮਦਦ ਕਰਦੇ ਹਨ।

**ਭਾਸ਼ਾ ਦੀ ਜਾਣੂ ਵਾਕ ਸੰਰਚਨਾ ਦੀ ਵਰਤੋਂ:**

ਬੱਚੇ ਪੜ੍ਹਦੇ ਸਮੇਂ ਆਪਣੀ ਜਾਣੂ ਭਾਸ਼ਾ ਨੂੰ ਆਧਾਰ ਮੰਨ ਕੇ ਅਨੁਮਾਨ ਰਾਹੀਂ ਪੜ੍ਹਦੇ ਹਨ। ਪਾਠ ਸਮੱਗਰੀ ਬੱਚਿਆਂ ਦੀ ਭਾਸ਼ਾ ਦੇ ਜਿੰਨੀ ਕਰੀਬ ਹੋਏਗੀ, ਪੜ੍ਹਨਾ ਸਿੱਖਣਾ ਉੰਨਾ ਹੀ ਸੌਖਾ ਹੋਏਗਾ। ਇਸ ਲਈ ਕਲਾਸ ਵਿੱਚ ਬੱਚਿਆਂ ਨੂੰ ਪੜ੍ਹੀ ਅਤੇ ਸੁਣੀ ਹੋਈ ਸਮੱਗਰੀ ਨਾਲ ਜੁੜ ਕੇ ਉਸ ਦੇ ਉਪਯੋਗ ਦੇ ਅਵਸਰ ਦੇਣੇ ਚਾਹੀਦੇ ਹਨ। ਜਿਵੇਂ ਬੱਚੇ ਨੇ ਘਰ ਵਿੱਚ ਜਾਂ ਬਾਹਰ ਕਿਸੇ ਤੋਂ ਕੋਈ ਕਹਾਣੀ ਸੁਣੀ ਹੋਵੇ ਅਤੇ ਜੇਕਰ ਉਹੀ ਕਹਾਣੀ ਉਸ ਨੂੰ ਪੜ੍ਹਨ ਨੂੰ ਮਿਲੇ ਤਾਂ ਪੜ੍ਹਨਾ ਉਸ ਲਈ ਸੌਖਾ ਹੋਏਗਾ।

**ਪੜ੍ਹਨ ਦਾ ਕੋਨਾ:**

ਇਹ ਜ਼ਰੂਰੀ ਹੈ ਕਿ ਕਲਾਸ ਵਿੱਚ ਇੱਕ ਅਜਿਹਾ ਕੋਨਾ ਹੋਵੇ ਜਿੱਥੇ ਚੰਗੇ ਬਾਲ ਸਾਹਿਤ ਦੀਆਂ ਚੋਣਵੀਆਂ ਪੁਤਸਕਾਂ ਬੱਚਿਆਂ ਦੇ ਪੜ੍ਹਨ ਲਈ ਰੱਖੀਆਂ ਗਈਆਂ ਹੋਣ। ਇਨ੍ਹਾਂ ਪੁਸਤਕਾਂ ਦੀ ਵਰਤੋਂ ਬੱਚਿਆਂ ਨੂੰ ਕਹਾਣੀਆਂ ਪੜ੍ਹਕੇ ਸੁਣਾਉਣ ਲਈ ਵੀ ਕੀਤਾ ਜਾ ਸਕਦਾ ਹੈ। ਪੜ੍ਹੀ ਗਈ ਕਹਾਣੀ ਨੂੰ ਸੁਣਨਾ, ਪੜ੍ਹਨਾ ਸਿੱਖਣ ਵਿੱਚ ਬੇਹੱਦ ਮਦਦਗਾਰ ਸਾਬਤ ਹੁੰਦਾ ਹੈ। ਬੱਚਿਆਂ ਦੀਆਂ ਜਾਣੂ ਕਹਾਣੀਆਂ ਨੂੰ ਜਦੋਂ ਬਾਰ ਬਾਰ ਉਨ੍ਹਾਂ ਲਈ ਪੜ੍ਹਿਆ ਜਾਂਦਾ ਹੈ ਤਾਂ ਬੱਚੇ ਕਹਾਣੀ ਦੀ ਘਣਤਾ, ਘਟਨਾਕ੍ਰਮ, ਵਾਕ ਸੰਰਚਨਾ ਤੋਂ ਵੀ ਜਾਣੂ ਹੁੰਦੇ ਜਾਂਦੇ ਹਨ ਜਿਸ ਨਾਲ ਉਨ੍ਹਾਂ ਨੂੰ ਅਨੁਮਾਨ ਲਗਾ ਕੇ ਪੜ੍ਹਨ ਵਿੱਚ ਮਦਦ ਮਿਲਦੀ ਹੈ। ਬੱਚਿਆਂ ਦੀ ਇਸ ਵਿੱਚ ਰੁਚੀ ਬਣੀ ਰਹੇ, ਇਸ ਲਈ ਜ਼ਰੂਰੀ ਹੈ ਕਿ ਇਨ੍ਹਾਂ ਪੁਸਤਕਾਂ ਵਿੱਚ ਚੰਗੀਆਂ ਅਤੇ ਨਵੀਆਂ ਪੁਸਤਕਾਂ ਜੁੜਦੀਆਂ ਰਹਿਣ।

**ਆਪਣੀ ਪ੍ਰਗਤੀ ਨੂੰ ਪਰਖੋ**: 41.
ਪੜ੍ਹਨਾ ਸਿੱਖਣ ਦੀ ਜ਼ਰੂਰੀ ਸ਼ਰਤ ਨਹੀਂ ਹੈ–ਆਪਣੀ ਪਸੰਦ ਲਈ ਕਾਰਨ ਦੱਸੋ(ੳ) ਮਹਿੰਗੀਆਂ ਕਿਤਾਬਾਂ(ਅ) ਸੰਦਰਭਪੂਰਨ ਪਾਠ ਸਮੱਗਰੀ(ੲ) ਭਾਸ਼ਾ ਦੀ ਜਾਣੂ ਵਾਕ ਸੰਰਚਨਾ ਦੀ ਵਰਤੋਂ(ਸ) ਪੜ੍ਹਨ ਦੇ ਭਰਪੂਰ ਅਵਸਰ

2.
ਪੜ੍ਹਨਾ ਸਿੱਖਣ ਸਿਖਾਉਣ ਵਿੱਚ ਸੰਦਰਭਪੂਰਨ ਪਾਠ ਸਮੱਗਰੀ ਦਾ ਕੀ ਮਹੱਤਵ ਹੈ ?————————————————————————————————————————————————————————————————————————————————

3.
ਕਲਾਸ ਵਿੱਚ 'ਪੜ੍ਹਨ ਦਾ ਇੱਕ ਕੋਨਾ' ਤੋਂ ਕੀ ਮਤਲਬ ਹੈ ? ਇਸ ਕੋਨੇ ਦੀ ਤੁਸੀਂ ਕਿਵੇਂ ਵਰਤੋਂ ਕਰੋਗੇ ?————————————————————————————————————————————————————————————————————————

## 5.4.3 ਪੜ੍ਹਨਾ ਸਿਖਾਉਣ ਲਈ ਕੀ ਕਰ ਸਕਦੇ ਹਾਂ ?

ਅਸੀਂ ਦੇਖਿਆ ਹੈ ਕਿ ਪੜ੍ਹਨਾ ਸਿਖਾਉਣ ਦੇ ਕਿਹੜੇ ਕਿਹੜੇ ਪ੍ਰਚੱਲਿਤ ਤਰੀਕੇ ਹਨ ਅਤੇ ਉਨ੍ਹਾਂ ਵਿੱਚ ਕੀ ਕੀ ਘਾਟਾਂ ਹਨ। ਜੇਕਰ ਪ੍ਰਚੱਲਿਤ ਤਰੀਕੇ ਸਹੀ ਨਹੀਂ ਹਨ ਤਾਂ ਫਿਰ ਕਲਾਸ ਵਿੱਚ ਪੜ੍ਹਨਾ ਸਿਖਾਉਣ ਲਈ ਹੋਰ ਕੀ ਕੀਤਾ ਜਾ ਸਕਦਾ ਹੈ ?

ਇੱਥੇ ਕੁਝ ਤਰੀਕੇ ਅਤੇ ਗਤੀਵਿਧੀਆਂ ਸੁਝਾਈਆਂ ਗਈਆਂ ਹਨ। ਜੋ ਲੋਕ ਪਰੰਪਰਿਕ ਵਿਧੀਆਂ ਦੇ ਆਦੀ ਹਨ, ਉਨ੍ਹਾਂ ਨੂੰ ਇਹ ਹੈਰਾਨੀਜਨਕ ਜਾਂ ਅਸੰਭਵ ਜਿਹਾ ਲੱਗ ਸਕਦਾ ਹੈ। ਜੇਕਰ ਪੜ੍ਹਨਾ ਸਿਖਾਉਣ ਦੀਆਂ ਪ੍ਰਚੱਲਿਤ ਵਿਧੀਆਂ ਰੌਚਕ ਅਤੇ ਪ੍ਰਭਾਵੀ ਹੁੰਦੀਆਂ ਤਾਂ ਸਾਨੂੰ ਇਸ ਲਈ ਨਵੀਂ ਗਤੀਵਿਧੀਆਂ ਜਾਂ ਤਰੀਕਿਆਂ ਦੀ ਜ਼ਰੂਰਤ ਹੀ ਨਹੀਂ ਹੁੰਦੀ।

### ਕਿਤਾਬਾਂ ਤੋਂ ਸ਼ੁਰੂਆਤ ਕਰੀਏ

ਪੜ੍ਹਨਾ ਸਿਖਾਉਣ ਦੀ ਸ਼ੁਰੂਆਤ ਫਲੈਸ਼ ਕਾਰਡ, ਚਾਰਟ ਜਾਂ ਲੱਕੜੀ ਦੇ ਅੱਖਰਾਂ ਵਰਗੀ ਸਮੱਗਰੀ ਨਾਲ ਕਰਨ ਦੀ ਬਜਾਏ ਕਿਤਾਬਾਂ ਤੋਂ ਕਰਨੀ ਜ਼ਿਆਦਾ ਠੀਕ ਹੈ। ਅੱਗੇ ਜਾ ਕੇ ਬੱਚੇ ਕਿਤਾਬਾਂ ਪੜ੍ਹ ਸਕਣ ਇਹੀ ਸਾਡਾ ਉਦੇਸ਼ ਵੀ ਹੈ। ਚਾਰਟ ਅਤੇ ਹੋਰ ਸਮੱਗਰੀ ਕਦੇ ਕਦੇ ਉਪਯੋਗ ਵਿੱਚ ਆ ਸਕਦੀ ਹੈ, ਪਰ ਉਹ ਪੜ੍ਹਨਾ ਸਿੱਖਣ ਵਿੱਚ ਇੰਨੀ ਜ਼ਿਆਦਾ ਮਹੱਤਵਪੂਰਨ ਭੂਮਿਕਾ ਨਹੀਂ ਨਿਭਾ ਸਕਦੀ ਜਿੰਨੀ ਕਿ ਕਿਤਾਬਾਂ। ਪਰ ਪਹਿਲਾਂ ਸਾਨੂੰ ਇਸ ਗੱਲ ਨੂੰ ਸਮਝਣਾ ਜ਼ਰੂਰੀ ਹੈ ਕਿ ਕਿਸ ਤਰ੍ਹਾਂ ਦੀਆਂ ਕਿਤਾਬਾਂ ਚਾਹੀਦੀਆਂ ਹਨ ਅਤੇ ਉਨ੍ਹਾਂ ਨੂੰ ਕਿਸ ਤਰ੍ਹਾਂ ਉਪਯੋਗ ਕਰਨਾ ਚਾਹੀਦਾ ਹੈ। ਪੜ੍ਹਨਾ ਸਿਖਾਉਣ ਲਈ ਛੋਟੀਆਂ ਛੋਟੀਆਂ ਕਹਾਣੀਆਂ ਦੀਆਂ ਰੌਚਕ ਕਿਤਾਬਾਂ ਉਪਯੋਗੀ ਹੋ ਸਕਦੀਆਂ ਹਨ। ਅਜਿਹੀ ਕੋਈ ਵੀ ਕਹਾਣੀ ਜੋ ਸਾਫ਼ ਅੱਖਰਾਂ ਵਿੱਚ ਹੱਥ ਨਾਲ ਲਿਖੀ ਹੋਈ ਹੋਵੇ, ਚਿੱਤਰਾਂ ਨਾਲ ਸਜਾਈ ਗਈ ਹੋਵੇ ਜਿਨ੍ਹਾਂ ਨੂੰ ਬੱਚੇ ਵੀ ਬਣਾ ਸਕਦੇ ਹਨ, ਤੁਹਾਡੇ ਸੰਗ੍ਰਹਿ ਵਿੱਚ ਸ਼ਾਮਲ ਹੋ ਸਕਦੀ ਹੈ।

ਕਹਾਣੀ ਦੇ ਨਾਲ ਨਾਲ ਕਵਿਤਾਵਾਂ, ਗੀਤਾਂ ਅਤੇ ਬੱਚਿਆਂ ਦੇ ਖੇਡ ਗੀਤਾਂ ਨੂੰ ਵੀ ਸੰਗ੍ਰਹਿ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ।

### ਬੱਚਿਆਂ ਨੂੰ ਉੱਚੀ ਉੱਚੀ ਕਿਤਾਬ ਪੜ੍ਹਾਉਣੀ

ਕਿਤਾਬ ਪੜ੍ਹ ਕੇ ਸੁਣਾਉਂਦੇ ਸਮੇਂ ਇਸ ਗੱਲ ਦਾ ਹਮੇਸ਼ਾ ਧਿਆਨ ਰੱਖਣਾ ਚਾਹੀਦਾ ਹੈ ਕਿ ਬੱਚੇ ਜ਼ਿਆਦਾ ਨਾ ਹੋਣ ਅਤੇ ਆਪਣੇ ਆਸਪਾਸ ਗੋਲੇ ਵਿੱਚ ਬੈਠੇ ਹੋਣ। ਇਸ ਸਮੇਂ ਹੋਰ ਬੱਚਿਆਂ ਨੂੰ ਤੁਸੀਂ ਕੋਈ ਹੋਰ ਕੰਮ ਦੇ ਸਕਦੇ ਹੋ। ਤੁਹਾਡੇ ਆਸ ਪਾਸ ਬੱਚੇ ਇਸ ਪ੍ਰਕਾਰ ਨਾਲ ਬੈਠੇ ਹੋਣ ਕਿ ਉਨ੍ਹਾਂ ਵਿੱਚ ਹਰੇਕ ਨੂੰ ਕਿਤਾਬ ਦੇ ਪੰਨੇ ਆਸਾਨੀ ਨਾਲ ਨਜ਼ਰ ਆਉਣੇ ਚਾਹੀਦੇ ਹਨ। ਕਿਤਾਬ ਨੂੰ ਪੜ੍ਹਨ ਦੇ ਨਾਲ ਉਸ ਵਿੱਚ ਆਪਣਾ ਕੁਝ ਜੋੜਦੇ ਜਾਣਾ ਚਾਹੀਦਾ ਹੈ। ਕੁਝ ਕਿਤਾਬਾਂ ਵਿੱਚ ਕਹਾਣੀ ਜਾਂ ਸਮੱਗਰੀ ਖੂਬ ਵਿਸਥਾਰ ਨਾਲ ਦਿੱਤੀ ਗਈ ਹੁੰਦੀ ਹੈ। ਉਸ ਨੂੰ ਉਸ ਤਰ੍ਹਾਂ ਹੀ ਪੜ੍ਹਨ ਦੀ ਬਜਾਏ ਛੋਟਾ ਕਰਕੇ ਆਪਣੇ ਸ਼ਬਦਾਂ ਵਿੱਚ ਸੁਣਾਉਣਾ ਚਾਹੀਦਾ ਹੈ। ਇਸ ਤੋਂ ਉਲਟ ਜੇਕਰ ਹਰੇਕ ਪੇਜ ’ਤੇ ਇੱਕ ਜਾਂ ਦੋ ਪੰਕਤੀਆਂ ਹੀ ਲਿਖੀਆਂ ਗਈਆਂ ਹੋਣ ਤਾਂ ਉਸ ਵਿੱਚ ਕੁਝ ਜੋੜਿਆ ਵੀ ਜਾ ਸਕਦਾ ਹੈ। ਕਿਤਾਬਾਂ ਦੇ ਨਾਲ ਨਾਲ ਕੰਮ ਕਰਦੇ ਸਮੇਂ ਇਹ ਵੀ ਜ਼ਰੂਰੀ ਹੈ ਕਿ ਦਿੱਤੇ ਗਏ ਚਿੱਤਰਾਂ ਨੂੰ ਬੱਚਿਆਂ ਨੂੰ ਦਿਖਾਇਆ ਜਾਏ ਅਤੇ ਉਨ੍ਹਾਂ ’ਤੇ ਵਿਸਥਾਰ ਨਾਲ ਗੱਲ ਕੀਤੀ ਜਾਏ।

### ਕਵਿਤਾ ਸੁਣਾਉਣਾ ਅਤੇ ਗਾਉਣਾ

ਅਨੁਮਾਨ ਲਗਾਉਣ ਦੇ ਕੁਸ਼ਲ ਵਿੱਚ ਪੜ੍ਹਨਾ ਇੱਕ ਮਹੱਤਵਪੂਰਨ ਸਾਧਨ ਹੈ। ਇਸ ਹੁਨਰ ਦੇ ਵਿਕਾਸ ਵਿੱਚ ਕਵਿਤਾ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ। ਜੇਕਰ ਬੱਚਿਆਂ ਨੂੰ ਨਿਯਮਤ ਰੂਪ ਨਾਲ ਕਵਿਤਾ ਸੁਣਾਈ ਜਾਏ ਤਾਂ ਉਹ ਭਾਸ਼ਾ ਦੀ ਬੁਨਿਆਦੀ ਸੰਰਚਨਾ ਨੂੰ ਸਮਝਣ ਵਿੱਚ ਮਦਦ ਕਰ ਸਕਦੀ ਹੈ। ਕਵਿਤਾਵਾਂ ਨੂੰ ਯਾਦ ਰੱਖਣਾ ਜ਼ਿਆਦਾ ਆਸਾਨ ਹੁੰਦਾ ਹੈ। ਇਨ੍ਹਾਂ ਨੂੰ ਯਾਦ ਕਰਨ ਵਿੱਚ ਬੱਚਿਆਂ ਨੂੰ ਵਿਸ਼ੇਸ਼ ਕੋਸ਼ਿਸ਼ ਨਹੀਂ ਕਰਨੀ ਪੈਂਦੀ। ਬਾਰ ਬਾਰ ਸੁਣਨ, ਮਜ਼ਾ ਲੈਣ, ਦੁਹਰਾਉਣ ਨਾਲ ਕਵਿਤਾਵਾਂ ਆਪਣੇ ਆਪ ਯਾਦ ਹੋ ਜਾਂਦੀਆਂ ਹਨ। ਬੱਚਿਆਂ ਨੂੰ ਪੜ੍ਹਨ ਲਈ ਅਲੱਗ ਤਰ੍ਹਾਂ ਦੀਆਂ ਕਵਿਤਾਵਾਂ ਚਾਹੀਦੀਆਂ ਹਨ। ਇਸ ਤਰ੍ਹਾਂ ਦੀਆਂ ਕਵਿਤਾਵਾਂ ਅਚਾਨਕ ਖੁਦ ਚੁਣ ਸਕਦੇ ਹਨ ਜਿਨ੍ਹਾਂ ਵਿੱਚ ਭਾਸ਼ਾ ਦਾ ਸੁਭਾਵਿਕ ਪ੍ਰਯੋਗ ਹੋਵੇ। ਅਜਿਹੀਆਂ ਕਵਿਤਾਵਾਂ ਜੋ ਕੇਵਲ ਨੈਤਿਕ ਸਿੱਖਿਆ ਦਿੰਦੀਆਂ ਹੋਣ, ਉਨ੍ਹਾਂ ਤੋਂ ਦੂਰ ਰਹਿਣਾ ਹੋਏਗਾ।

ਇੱਕ ਕੰਮ ਇਹ ਵੀ ਕੀਤਾ ਜਾ ਸਕਦਾ ਹੈ ਕਿ ਅਜਿਹੇ ਗੀਤ ਜੋ ਬੱਚੇ ਉੱਛਲ ਕੂਦ ਕਰਦੇ, ਰੱਸੀ ਟੱਪਦੇ, ਗੇਂਦ ਨਾਲ ਖੇਡਦੇ ਸਮੇਂ ਗਾਉਂਦੇ ਹਨ ਅਤੇ ਜੋ ਪਰੰਪਰਿਕ ਹਨ, ਉਨ੍ਹਾਂ ਗੀਤਾਂ ਦਾ ਲਿਖ ਕੇ ਸੰਗ੍ਰਹਿ ਤਿਆਰ ਕਰ ਸਕਦੇ ਹਨ। ਸੰਗ੍ਰਹਿ ਇੱਕ ਜਾਂ ਕਈ ਛੋਟੀਆਂ ਕਿਤਾਬਾਂ ਦਾ ਰੂਪ ਲੈ ਸਕਦਾ ਹੈ ਜਿਸ ਵਿੱਚ ਹਰ ਪੇਜ ’ਤੇ ਸੁੰਦਰ ਲਿਖਾਈ ਅਤੇ ਚਿੱਤਰ ਦੇ ਨਾਲ ਗੀਤ ਲਿਖਿਆ ਗਿਆ ਹੋਵੇ। ਅਧਿਆਪਕ ਇਸ ਤਰ੍ਹਾਂ ਦੀਆਂ ਕਈ ਪੁਸਤਕਾਂ ਤਿਆਰ ਕਰ ਸਕਦੇ ਹਨ। ਕਵਿਤਾ ਦੀ ਕਿਤਾਬ ਨੂੰ ਵੀ ਉਸੀ ਤਰ੍ਹਾਂ ਪੜ੍ਹਿਆ ਜਾਣਾ ਚਾਹੀਦਾ ਹੈ ਜਿਵੇਂ ਕਿ ਹੋਰ ਕਿਤਾਬਾਂ ਨੂੰ, ਮਤਲਬ ਬੱਚਿਆਂ ਨੂੰ ਆਪਣੇ ਚਾਰੋਂ ਤਰਫ਼ ਬਿਠਾ ਕੇ ਕਿਤਾਬ ਵਿੱਚ ਰੱਖੋ। ਦੋ ਦਿਨ ਬਾਰ ਪੜ੍ਹਨ ਤੋਂ ਬਾਅਦ ਕਿਤਾਬ ਦੇ ਬਗੈਰ ਕਵਿਤਾ ਨੂੰ ਸੁਣਾਇਆ ਜਾਏ ਅਤੇ ਬੱਚੇ ਵੀ ਨਾਲ ਗਾਉਣ। ਜੇਕਰ ਕਵਿਤਾ ਚੰਗੇ ਪੱਧਰ ਦੀ ਹੋਈ ਤਾਂ ਬੱਚੇ ਉਸ ਨੂੰ ਜਲਦੀ ਨਾਲ ਯਾਦ ਕਰ ਲੈਣਗੇ। ਅਤੇ ਜਦੋਂ ਉਹ ਉਸ ਕਿਤਾਬ ਵਿੱਚ ਪੜ੍ਹਨਗੇ ਤਾਂ ਸ਼ਬਦਾਂ ਦਾ ਆਸਾਨੀ ਨਾਲ ਅਨੁਮਾਨ ਲਗਾ ਸਕਣਗੇ। ਉਦਾਹਰਨ ਲਈ ਕੁਝ ਕਵਿਤਾਵਾਂ ਇੱਥੇ

ਦਿੱਤੀਆਂ ਜਾ ਰਹੀਆਂ ਹਨ ਜਿਨ੍ਹਾਂ ਨੂੰ ਤੁਸੀਂ ਕਲਾਸ ਵਿੱਚ ਉਪਯੋਗ ਕਰੋ ਅਤੇ ਅਜਿਹੀਆਂ ਹੀ ਹੋਰ ਕਵਿਤਾਵਾਂ ਲੱਭੋ ਅਤੇ ਬੱਚਿਆਂ ਨਾਲ ਕਰੋ।

ਹਾਂ ਜੀ ਹਾਂ ਜੀ ਨਾ ਜੀ ਨਾ

ਤੁਸੀਂ ਕੱਪੜੇ ਪਹਿਨਦੇ ਹੋ ?

ਹਾਂ ਜੀ ਹਾਂ ਜੀ ਹਾਂ ਜੀ ਹਾਂ

ਤੁਸੀਂ ਕੱਪੜੇ ਧੋਂਦੇ ਵੀ ਹੋਵੋਗੇ ?

ਨਾ ਜੀ ਨਾ ਜੀ ਨਾ ਜੀ ਨਾ

ਕੱਪੜਿਆਂ ਦੀ ਹਾਂ, ਧੋਣ ਦੀ ਨਾ

ਇਸ ਤਰ੍ਹਾਂ ਕਿਵੇਂ ਚੱਲੇਗਾ ਜਹਾਂ ?

ਤੁਸੀਂ ਖਾਣਾ ਖਾਂਦੇ ਹੋ ?

ਹਾਂ ਜੀ ਹਾਂ ਜੀ ਹਾਂ ਜੀ ਹਾਂ

ਤੁਸੀਂ ਖਾਣਾ ਪਕਾਉਂਦੇ ਹੋ ?

ਨਾ ਜੀ ਨਾ ਜੀ ਨਾ ਜੀ ਨਾ

ਖਾਣ ਦੀ ਹਾਂ, ਪਕਾਉਣ ਦੀ ਨਾ

ਇਸ ਤਰ੍ਹਾਂ ਕਿਵੇਂ ਚੱਲੇਗਾ ਜਹਾਂ ?

ਤੁਸੀਂ ਗੰਦਾ ਕਰਦੇ ਹੋ ?

ਹਾਂ ਜੀ ਹਾਂ ਜੀ ਹਾਂ ਜੀ ਹਾਂ

ਤੁਸੀਂ ਸਫਾਈ ਵੀ ਕਰਦੇ ਹੋ ?

ਨਾ ਜੀ ਨਾ ਜੀ ਨਾ ਜੀ ਨਾ

ਗੰਦੇ ਦੀ ਹਾਂ, ਸਫਾਈ ਦੀ ਨਾ

ਇਸ ਤਰ੍ਹਾਂ ਕਿਵੇਂ ਚੱਲੇਗਾ ਜਹਾਂ ?

ਜੇਕਰ ਬੱਚੇ ਕਵਿਤਾ ਦਾ ਆਨੰਦ ਮਾਣ ਰਹੇ ਹਨ, ਤਾਂ ਉਹ ਹਿੰਦੀ ਜਾਂ ਆਪਣੀ ਮਾਂ ਬੋਲੀ ਵਿੱਚ ਇਸ ਤਰ੍ਹਾਂ ਦੀ ਹੀ ਕਵਿਤਾ ਬਣਾ ਸਕਦੇ ਹਨ। ਉਹ ਇਸ ਕਵਿਤਾ ਨੂੰ ਆਪਣੇ ਕਲਾਸ ਰੂਮ ਦੀ ਭਾਸ਼ਾ ਵਿੱਚ ਅਨੁਵਾਦ ਵੀ ਕਰ ਸਕਦੇ ਹਨ।

ਬਹੁਤ ਮਜ਼ਾ ਆਉਂਦਾ

ਰਸਗੁੱਲਿਆਂ ਦੀ ਖੇਤੀ ਹੁੰਦੀ

ਬਹੁਤ ਮਜ਼ਾ ਆਉਂਦਾ।

ਚੀਨੀ ਸਾਰੀ ਖੇਤੀ ਹੁੰਦੀ

ਬਹੁਤ ਮਜ਼ਾ ਆਉਂਦਾ।

ਬਾਗ ਲੱਗੇ ਚਮਚਮ ਦੇ ਹੁੰਦੇ

ਬਹੁਤ ਮਜ਼ਾ ਆਉਂਦਾ।

ਸ਼ਰਬਤ ਵਿੱਚ ਵਹਿੰਦੇ ਸਭ ਹੁੰਦੇ

ਬਹੁਤ ਮਜ਼ਾ ਆਉਂਦਾ।

ਚਾਰਾਗਾਹ ਹਲਵੇ ਦਾ ਹੁੰਦਾ

ਬਹੁਤ ਮਜ਼ਾ ਆਉਂਦਾ।

ਕੀ ਕੋਈ ਹਲਵੇ ਨੂੰ ਬੀਜਦਾ

ਬਹੁਤ ਮਜ਼ਾ ਆਉਂਦਾ।

ਬਰਫ਼ੀ ਦੇ ਹੁੰਦੇ ਸਭ ਪਰਬਤ

ਬਹੁਤ ਮਜ਼ਾ ਆਉਂਦਾ।

ਬਰਫ਼ੀ ਖਾਂਦੇ, ਪੀਂਦੇ ਸ਼ਰਬਤ

ਬਹੁਤ ਮਜ਼ਾ ਆਉਂਦਾ।

ਲੱਡੂ ਦੀਆਂ ਸਭ ਖਾਣਾਂ ਹੁੰਦੀਆਂ

ਬਹੁਤ ਮਜ਼ਾ ਆਉਂਦਾ।

ਘਰ ਵਿੱਚ ਦੁਨੀਆ ਪੇੜੇ ਬੀਜਦੀ

ਬਹੁਤ ਮਜ਼ਾ ਆਉਂਦਾ।

ਰੁਪਏ ਦੀ ਦਸ ਕਿਲੋ ਮਿਠਾਈ

ਬਹੁਤ ਮਜ਼ਾ ਆਉਂਦਾ।

ਹੁੰਦੇ ਰੁਪਏ ਪਾਸ ਢਾਈ

ਬਹੁਤ ਮਜ਼ਾ ਆਉਂਦਾ।

**ਆਪਣੀ ਪ੍ਰਗਤੀ ਨੂੰ ਪਰਖੋ: 6**

1. ਪੜ੍ਹਨਾ ਸਿਖਾਉਣ ਦੀ ਸ਼ੁਰੂਆਤ ਕਰਨਾ ਜ਼ਿਆਦਾ ਠੀਕ ਹੈ–

   (ੳ) ਫਲੈਸ਼ ਕਾਰਡ ਨਾਲ (ਅ) ਚਾਰਟ ਨਾਲ

   (ੲ) ਲੱਕੜੀ ਦੇ ਅੱਖਰਾਂ ਵਰਗੀ ਸਮੱਗਰੀ ਨਾਲ (ਸ) ਕਿਤਾਬਾਂ ਨਾਲ

2. ਪੜ੍ਹਨਾ ਸਿਖਾਉਣ ਲਈ ਪਰੰਪਰਾਗਤ ਵਿਧੀਆਂ ਤੋਂ ਇਲਾਵਾ ਹੋਰ ਕੀ ਕੀ ਕੀਤਾ ਜਾ ਸਕਦਾ ਹੈ?

   ———————————————————————————

______________________________

______________________________

3. ਬੱਚਿਆਂ ਨੂੰ ਕਵਿਤਾਵਾਂ ਦੇ ਜ਼ਰੀਏ ਪੜ੍ਹਨਾ ਸਿਖਾਉਣਾ ਕਿਉਂ ਸੌਖਾ ਹੈ?

______________________________

______________________________

## 5.4.4 **ਕੁਝ ਗਤੀਵਿਧੀਆਂ**

### ਵਰਣਮਾਲਾ ਨੂੰ ਪਛਾਣਨਾ

ਵੈਸੇ ਤਾਂ ਸਾਡਾ ਵਿਸ਼ਵਾਸ ਹੈ ਕਿ ਦਿਲਚਸਪ ਸਮੱਗਰੀ ਨਾਲ ਗੁਜ਼ਰਦੇ ਬੱਚੇ ਖੁਦ ਹੀ ਵਰਣਮਾਲਾ ਫੜ ਲੈਣਗੇ। ਆਵਾਜ਼ ਦੇ ਸੰਸਾਰ ਤੋਂ ਵੀ ਬੱਚੇ ਖੁਦ ਆਪਣੀ ਭਾਸ਼ਾ ਦੀਆਂ ਆਵਾਜ਼ਾਂ ਫੜ ਲੈਂਦੇ ਹਨ। ਫਿਰ ਵੀ ਇੱਕ ਕਵਿਤਾ ਜਾਂ ਕਹਾਣੀ ਆਧਾਰਿਤ ਵਰਣਮਾਲਾ ਸਬੰਧੀ ਗਤੀਵਿਧੀਆਂ ਲਾਭਦਾਇਕ ਹੋ ਸਕਦੀਆਂ ਹਨ। ਉਦਾਹਰਨ ਲਈ 'ਹਾਂ ਜੀ' ਕਵਿਤਾ ਵਿੱਚ ਜੇਕਰ ਬੱਚਿਆਂ ਨੂੰ ਕਿਹਾ ਜਾਏ ਕਿ ਜਿੱਥੇ 'ਜ' ਅਤੇ 'ਚ' ਆਏ ਹਨ, ਉੱਥੇ ਗੋਲਾ ਲਗਾਓ, ਫਿਰ ਸਾਰੀਆਂ ਕਵਿਤਾਵਾਂ ਵਿੱਚ 'ਜ' ਅਤੇ 'ਚ' ਵਾਲੇ ਸ਼ਬਦਾਂ ਦੀ ਸੂਚੀ ਬਣਾਓ। ਇਸ ਤੋਂ ਬਾਅਦ ਖੁਦ 'ਜ' ਅਤੇ 'ਚ' ਵਾਲੇ ਨਵੇਂ ਸ਼ਬਦ ਲਿਖੋ। ਇਸੀ ਪ੍ਰਕਾਰ ਬੱਚਿਆਂ ਨੂੰ ਕਿਹਾ ਜਾ ਸਕਦਾ ਹੈ ਕਿ ਉਹ ਇਨ੍ਹਾਂ ਕਵਿਤਾਵਾਂ ਵਿੱਚ ਆਏ 'ਦ' ਅਤੇ 'ਵ' ਵਾਲੇ ਸ਼ਬਦਾਂ ਦੀ ਸੂਚੀ ਬਣਾਉਣ। ਹੁਣ ਬੋਰਡ 'ਤੇ ਕੁਝ ਨਵੇਂ ਸ਼ਬਦ ਲਿਖੋ ਅਤੇ ਬੱਚਿਆਂ ਨੂੰ ਬਾਰੀ ਬਾਰੀ ਬੁਲਾ ਕੇ ਨਵੇਂ ਨਵੇਂ ਵਰਣ ਪਛਾਣਨ ਲਈ ਕਹੋ।

### ਜੋ ਪੜ੍ਹਿਆ ਹੈ, ਉਹੀ ਕਰੋ

ਜੋ ਬੱਚੇ ਸਿੱਖ ਚੁੱਕੇ ਹਨ, ਉਨ੍ਹਾਂ ਨੂੰ ਇਹ ਵੀ ਸਿੱਖਣਾ ਜ਼ਰੂਰੀ ਹੈ ਕਿ ਪੜ੍ਹਨ ਦਾ ਸਬੰਧ ਕਰਨ ਨਾਲ ਹੈ। ਇਸ ਗਤੀਵਿਧੀ ਵਿੱਚ ਅਧਿਆਪਕ ਬੋਰਡ ਦੇ ਕੋਲ ਚੁੱਪਚਾਪ ਖੜ੍ਹਾ ਰਹਿੰਦਾ ਹੈ ਅਤੇ ਬੋਲਣ ਦੇ ਸਥਾਨ 'ਤੇ ਛੋਟੇ ਛੋਟੇ ਨਿਰਦੇਸ਼ ਬੋਰਡ 'ਤੇ ਲਿਖਦਾ ਜਾਂਦਾ ਹੈ। ਹਰੇਕ ਬੱਚੇ ਨੂੰ ਉਸ ਦੀ ਕ੍ਰਮ ਸੰਖਿਆ ਪਤਾ ਹੋਣੀ ਚਾਹੀਦੀ ਹੈ। ਬੋਰਡ 'ਤੇ ਨਿਰਦੇਸ਼ ਲਿਖਦੇ ਸਮੇਂ ਕਿਸੇ ਬੱਚੇ ਦੀ ਕ੍ਰਮ ਸੰਖਿਆ ਵੀ ਲਿਖ ਦਿਓ। ਜਿਵੇਂ-'ਉੱਠ ਕੇ ਬਾਹਰ ਜਾਓ, ਇੱਕ ਪੱਥਰ ਲਿਆਓ-10'। ਇਸ ਨਿਰਦੇਸ਼ ਦਾ ਮਤਲਬ ਹੈ ਕਿ 10 ਨੰਬਰ ਦੇ ਬੱਚੇ ਨੂੰ ਉੱਠ ਕੇ ਬਾਹਰ ਜਾਣਾ ਹੈ ਅਤੇ ਇੱਕ ਪੱਥਰ ਲਿਆਉਣਾ ਹੈ। ਹੁਣ ਅਗਲਾ ਨਿਰਦੇਸ਼ ਹੋ ਸਕਦਾ ਹੈ-'10 ਨੰਬਰ ਪੱਥਰ ਲੈ ਕੇ ਉਸ ਨੂੰ ਆਪਣੇ ਗੋਡੇ 'ਤੇ ਰੱਖੋ।' ਹੌਲੀ ਹੌਲੀ ਨਿਰਦੇਸ਼ਾਂ ਨੂੰ ਹੋਰ ਜਟਿਲ ਬਣਾਉਂਦੇ ਜਾਓ। ਜਟਿਲ ਨਿਰਦੇਸ਼ ਇਸ ਤਰ੍ਹਾਂ ਦੇ ਹੋ ਸਕਦੇ ਹਨ ਕਿ ਬੱਚਾ ਦੀਵਾਰ 'ਤੇ ਟੰਗਿਆ ਪੋਸਟਰ ਦੇਖ ਕੇ ਕੋਈ ਖਾਸ ਚੀਜ਼ ਲੱਭੇ ਜਾਂ ਅਸਪਤਾਲ ਦਾ ਰਸਤਾ ਦੱਸੇ, ਜਾਂ ਸਕੂਲ ਦੇ ਬਾਹਰ ਲੱਗੇ ਦਰੱਖਤਾਂ ਦੀ ਸੰਖਿਆ ਗਿਣ ਕੇ ਦੱਸੇ, ਆਦਿ।

### ਪਿਛਲਾ ਸ਼ਬਦ, ਅਗਲਾ ਸ਼ਬਦ

ਇਸ ਗਤੀਵਿਧੀ ਲਈ ਬਾਲ ਸਾਹਿਤ ਦੀਆਂ ਕਿਤਾਬਾਂ ਢੁਕਵੀਂ ਸੰਖਿਆ ਵਿੱਚ ਹੋਣੀਆਂ ਜ਼ਰੂਰੀ ਹਨ। ਕਿਤਾਬਾਂ ਬੱਚਿਆਂ ਵਿੱਚ ਇਸ ਤਰ੍ਹਾਂ ਵੰਡੋ ਕਿ ਹਰ ਬੱਚੇ ਨੂੰ ਕੋਈ ਅਜਿਹੀ

ਕਿਤਾਬ ਮਿਲੇ ਜਿਸ ਨੂੰ ਉਹ ਆਸਾਨੀ ਨਾਲ ਪੜ੍ਹ ਸਕੇ। ਬੱਚਿਆਂ ਨੂੰ ਕਹੋ ਕਿ ਉਹ ਕਿਤਾਬ ਦੇ ਕਿਸੇ ਵੀ ਪੰਨੇ ਨੂੰ ਖੋਲ੍ਹ ਕੇ ਸੱਜੇ ਪੇਜ ਦੇਖਣ। ਕੀ ਇਸ ਪੇਜ ਦੇ ਅੰਤ ਵਿੱਚ ਪੂਰਨ ਵਿਰਾਮ ਆਉਂਦਾ ਹੈ ? ਜੇਕਰ ਹਾਂ, ਤਾਂ ਕੋਈ ਹੋਰ ਪੰਨਾ ਖੋਲ੍ਹੋ। ਹੁਣ ਪੂਰਾ ਸੱਜਾ ਪੰਨਾ ਚੁੱਪ ਚਾਪ ਪੜ੍ਹੋ। ਅੰਤ ਤੱਕ ਪਹੁੰਚ ਕੇ ਰੁਕ ਜਾਓ ਅਤੇ ਅਗਲਾ ਪੰਨਾ ਨਾ ਪਲਟੋ। ਹਰੇਕ ਬੱਚੇ ਤੋਂ ਪੁੱਛੋ ਕਿ ਉਹ ਅੰਦਾਜ਼ ਨਾਲ ਦੱਸੇ ਕਿ ਅਗਲੇ ਪੰਨੇ ਦਾ ਪਹਿਲਾ ਸ਼ਬਦ ਕੀ ਹੋਏਗਾ ? ਜਦੋਂ ਉਹ ਆਪਣਾ ਅਨੁਮਾਨ ਦੱਸ ਦੇਵੇ ਤਾਂ ਉਸ ਨੂੰ ਪੰਨਾ ਪਲਟ ਕੇ ਇਹ ਦੇਖਣ ਲਈ ਕਹੋ ਕਿ ਅਨੁਮਾਨ ਸਹੀ ਹੈ ਜਾਂ ਨਹੀਂ ? ਸਹੀ ਅਨੁਮਾਨ ’ਤੇ ਬਾਕੀ ਬੱਚੇ ਤਾਲੀ ਬਜਾਉਣ ਦੀ ਪਰੰਪਰਾ ਪਾ ਸਕਦੇ ਹਨ। ਜਦੋਂ ਸਭ ਦੀ ਬਾਰੀ ਆ ਚੁੱਕੀ ਹੋਵੇ ਅਤੇ ਸਾਰੇ ਬੱਚੇ ਅਗਲਾ ਪੰਨਾ ਪਲਟ ਚੁੱਕੇ ਹੋਣ ਤਾਂ ਫਿਰ ਪਹਿਲੇ ਬੱਚੇ ਤੋਂ ਸ਼ੁਰੂ ਕਰੋ। ਇਸ ਬਾਰ ਹਰ ਬੱਚੇ ਨੂੰ ਯਾਦਾਸ਼ਤ ਦੇ ਆਧਾਰ ’ਤੇ ਇਹ ਦੱਸਣਾ ਹੈ ਕਿ ਪਿਛਲੇ ਪੇਜ ਦੇ ਆਖਿਰੀ ਸ਼ਬਦ ਕੀ ਸਨ ?

**ਆਪਣੀ ਪ੍ਰਗਤੀ ਨੂੰ ਪਰਖੋ: 6**

1.
ਪੜ੍ਹਨਾ ਸਿਖਾਉਣ ਲਈ ਕੋਈ ਦੋ ਨਵੀਆਂ ਗਤੀਵਿਧੀਆਂ ਸੁਝਾਓ।—————
————————————————————————————————
————————————————————————————————
————————————

2.
ਪੜ੍ਹਨਾ ਸਿਖਣ ਵਿੱਚ ਗਤੀਵਿਧੀਆਂ ਕਿਵੇਂ ਮਦਦ ਕਰਦੀਆਂ ਹਨ ?—————
————————————————————————————————
————————————————————————————————
————————————

## 5.5. ਪੜ੍ਹਨ ਲਿਖਣ ਦਾ ਆਪਸੀ ਰਿਸ਼ਤਾ

ਪੜ੍ਹਨ ਅਤੇ ਲਿਖਣ ਨੂੰ ਆਮ ਤੌਰ ’ਤੇ ਦੋ ਅਲੱਗ ਹੁਨਰ ਮੰਨਿਆ ਜਾਂਦਾ ਹੈ। ਇਹ ਸਮਝਿਆ ਜਾਂਦਾ ਹੈ ਕਿ ਪੜ੍ਹਨਾ ‘ਗ੍ਰਹਿਣ’ ਹੁਨਰ ਹੈ, ਮਤਲਬ ਲਿਖੇ ਹੋਏ ਨੂੰ ਪੜ੍ਹਕੇ ਅਰਥ ਗ੍ਰਹਿਣ ਕਰਨਾ। ਇਸੀ ਤਰ੍ਹਾਂ ਲਿਖਣਾ ‘ਉਤਪਾਦਨ’ ਹੁਨਰ ਹੈ, ਮਤਲਬ ਜੋ ਕੁਝ ਵੀ ਤੁਸੀਂ ਦੱਸਣਾ ਚਾਹੁੰਦੇ ਹੋ ਉਸ ਨੂੰ ਲਿਖ ਕੇ ਉਤਪਾਦਿਤ ਕਰਨਾ। ਅਕਸਰ ਮੁੱਢਲੀਆਂ ਕਲਾਸਾਂ ਵਿੱਚ ਇਨ੍ਹਾਂ ਦੋਨੋਂ ਹੁਨਰਾਂ ਦਾ ਵਿਕਾਸ ਕ੍ਰਮਬੱਧ ਰੂਪ ਨਾਲ ਕੀਤਾ ਜਾਂਦਾ ਹੈ। ਪਹਿਲਾਂ ਪੜ੍ਹਨਾ ਸਿਖਾਇਆ ਜਾਂਦਾ ਹੈ ਫਿਰ ਲਿਖਣਾ। ਪਰ ਪੜ੍ਹਨ ਅਤੇ ਲਿਖਣ ਨੂੰ ਲੈ ਕੇ ਹੁਣ ਇਹ ਸਮਝ ਬਣ ਰਹੀ ਹੈ ਕਿ ਪੜ੍ਹਨਾ ਅਤੇ ਲਿਖਣਾ ਦੋ ਅਲੱਗ ਪ੍ਰਕਿਰਿਆਵਾਂ ਨਹੀਂ ਹਨ, ਬਲਕਿ ਇੱਕ ਦੂਜੇ ਨਾਲ ਇਸ ਤਰ੍ਹਾਂ ਜੁੜੀਆਂ ਹੋਈਆਂ ਹਨ ਕਿ ਪੜ੍ਹਨ ਦੇ ਬਾਰੇ ਵਿੱਚ ਬਣੀ ਧਾਰਨਾ ਲਿਖਣ ਨੂੰ ਵੀ ਪ੍ਰਭਾਵਿਤ ਕਰਦੀ ਹੈ।

ਦੋਨੋਂ ਹੀ ਪ੍ਰਕਿਰਿਆਵਾਂ ਵਿੱਚ ਅਜਿਹੀਆਂ ਕਈ ਸਮਾਨਤਾਵਾਂ ਹਨ ਜੋ ਉਨ੍ਹਾਂ ਨੂੰ ਇੱਕ ਦੂਜੇ ਦੀ ਪੂਰਕ ਬਣਾਉਂਦੀਆਂ ਹਨ ਜਿਵੇਂ ਅਰਥ ਬਣਾਉਣ ਲਈ ਸ਼ਬਦਾਂ ਦਾ ਉਪਯੋਗ ਕਰਨਾ ਜ਼ਰੂਰੀ ਹੈ। ਪੜ੍ਹਦੇ ਸਮੇਂ ਪਾਠਕ ਕਈ ਅਰਥ ਨਿਰਮਤ ਕਰਦੇ ਜਾਂਦੇ ਹਨ ਇਸੀ ਪ੍ਰਕਾਰ ਲਿਖਦੇ ਸਮੇਂ ਵੀ ਲਿਖਣ ਵਾਲੇ ਅਰਥ ਦਾ ਨਿਰਮਾਣ ਕਰਦੇ ਜਾਂਦੇ ਹਨ। ਪੜ੍ਹਦੇ

ਸਮੇਂ ਕਈ ਬਾਰ ਆਪਣੇ ਅਰਥ ਨੂੰ ਸੋਧਦੇ ਹਨ, ਉਸ ਨੂੰ ਦੁਬਾਰਾ ਪੜ੍ਹਦੇ ਹਨ। ਉਸ ਤਰ੍ਹਾਂ ਹੀ ਲਿਖਦੇ ਸਮੇਂ ਅਸੀਂ ਆਪਣੇ ਲਿਖੇ ਹੋਏ ਨੂੰ ਸੋਧਦੇ ਜਾਂਦੇ ਹਾਂ। ਪੜ੍ਹਨਾ ਅਤੇ ਲਿਖਣਾ ਦੋਨੋਂ ਹੀ ਪ੍ਰਕਿਰਿਆਵਾਂ ਦੇ ਅੰਤ ਵਿੱਚ ਅਸੀਂ ਇੱਕ ਅੰਤਿਮ ਅਰਥ ਦਾ ਨਿਰਮਾਣ ਕਰਦੇ ਹਾਂ। ਉਦਾਹਰਨ ਲਈ ਜਦੋਂ ਕੋਈ ਬੱਚੀ ਆਪਣੀ ਮਾਂ ਨੂੰ ਕੈਲੰਡਰ ਵਿੱਚ ਕਿਸੇ ਤਰੀਕ ’ਤੇ ਨਿਸ਼ਾਨ ਲਗਾਕੇ ਇਹ ਲਿਖਦੇ ਦੇਖਦੀ ਹੈ ਕਿ ‘ਗੈਸ ਦਾ ਸਿਲੈਂਡਰ ਬਦਲਿਆ’ ਤਾਂ ਉਹ ਬੱਚੀ ਸਿਰਫ਼ ਲਿਖਣ ਦੀ ਇੱਕ ਗਤੀਵਿਧੀ ਨਹੀਂ ਦੇਖ ਰਹੀ ਹੁੰਦੀ। ਜ਼ਾਹਿਰ ਹੈ ਕਿ ਲਿਖਣ ਦੀ ਇਸ ਪ੍ਰਕਿਰਿਆ ਵਿੱਚ ਪੜ੍ਹਨਾ ਵੀ ਸ਼ਾਮਲ ਹੈ।

ਇਸ ਇੱਕ ਗਤੀਵਿਧੀ ਵਿੱਚ ਪੜ੍ਹਨ ਲਿਖਣ ਨਾਲ ਸਬੰਧਿਤ ਬਹੁਤ ਸਾਰੀਆਂ ਧਾਰਨਾਵਾਂ ਅਤੇ ਸਮਝ ਸ਼ਾਮਲ ਹੈ। ਗੌਰ ਕਰਨ ਲਾਇਕ ਗੱਲ ਇਹ ਹੈ ਕਿ ਇਹ ਇੱਕ ਸਾਰਥਕ ਗਤੀਵਿਧੀ ਹੈ ਜੋ ਕਿਸੇ ਵੀ ਘਰ ਵਿੱਚ (ਜਿੱਥੇ ਕੋਈ ਪੱਤ੍ਰਿਕਾ ਜਾਂ ਅਖ਼ਬਾਰ ਨਾ ਵੀ ਆਉਂਦਾ ਹੋਵੇ।) ਹੋ ਸਕਦੀ ਹੈ। ਸ਼ਾਇਦ ਇਸ ਇੱਕ ਮੌਕੇ ਨੂੰ ਸਮਝ ਕੇ ਬੱਚੀ ਖ਼ੁਦ ਕਿਸੇ ਖਾਸ ਤਰੀਕ ’ਤੇ ਨਿਸ਼ਾਨ ਲਗਾ ਕੇ ਕੈਲੰਡਰ ਦੀ ਵਰਤੋਂ ਕਰਨੀ ਚਾਹੇ। ਜਿਵੇਂ ਇਹ ਦਿਖਾਉਣ ਲਈ ਕਿ ਉਸ ਦੇ ਦਾਦਾ ਦਾਦੀ ਘਰ ਆ ਰਹੇ ਹਨ, ਉਹ 22 ਅਕਤੂਬਰ ’ਤੇ ਗੋਲਾ ਲਗਾ ਕੇ ਦੋ ਚਿਹਰੇ ਬਣਾ ਦੇਵੇ। ਇਹ ਕਰ ਸਕਣ ਲਈ ਸ਼ਾਇਦ ਉਸ ਨੂੰ ਵੱਡੇ ਭਾਈ ਭੈਣ ਜਾਂ ਮਾਤਾ ਪਿਤਾ ਦੀ ਮਦਦ ਲੈਣੀ ਪਏ। ਸਕੂਲ ਵਿੱਚ ਦਾਖਲੇ ਤੋਂ ਪਹਿਲਾਂ ਦੇ ਦੌਰ ਵਿੱਚ ਬੱਚੇ ਅਜਿਹੀਆਂ ਕਿੰਨੀਆਂ ਹੀ ਰੋਜ਼ਾਨਾ ਦੀਆਂ ਗਤੀਵਿਧੀਆਂ ਦੇਖਦੇ ਹਨ ਜੋ ਉਨ੍ਹਾਂ ਨੂੰ ਲਿਖਤ ਭਾਸ਼ਾ ਦੇ ਜ਼ਰੀਏ ਪੜ੍ਹਨ ਲਿਖਣ ਤੋਂ ਜਾਣੂ ਹੋਣ ਦਾ ਮੌਕਾ ਦਿੰਦੀਆਂ ਹਨ।

**ਆਪਣੀ ਪ੍ਰਗਤੀ ਨੂੰ ਪਰਖੋ: 7**

1. ਪੜ੍ਹਨ ਅਤੇ ਲਿਖਣ ਨੂੰ ਦੋ ਅਲੱਗ ਹੁਨਰ ਕਿਉਂ ਮੰਨਿਆ ਜਾਂਦਾ ਹੈ

   ———————————————————————————

   ———————————————————————————

   ———————————————————————————

2. ਪੜ੍ਹਨ ਅਤੇ ਲਿਖਣ ਦੀਆਂ ਪ੍ਰਕਿਰਿਆਵਾਂ ਵਿੱਚ ਤੁਹਾਨੂੰ ਕੀ ਕੀ ਸਮਾਨਤਾਵਾਂ ਨਜ਼ਰ ਆਉਂਦੀਆਂ ਹਨ ?

   ———————————————————————————

## 5.6 ਸਾਰਾਂਸ਼

ਪੜ੍ਹਨਾ ਇੱਕ ਸਿਰਜਣਾਤਮਕ ਕਾਰਜ ਹੈ। ਪੜ੍ਹਨਾ ਕੇਵਲ ਲਿਖੇ ਹੋਏ ਦਾ ਉਚਾਰਣ ਕਰਨਾ ਨਹੀਂ ਹੈ, ਬਲਕਿ ਪੜ੍ਹਨ ਵਿੱਚ ਛੁਪੀ ਸਮੱਗਰੀ ਨਾਲ ਅਰਥ ਗ੍ਰਹਿਣ ਕਰਨਾ ਮਹੱਤਵਪੂਰਨ ਹੈ। ਅਸੀਂ ਛੁਪੀ ਹੋਈ ਸਮੱਗਰੀ ਵਿੱਚ ਹਰੇਕ ਹਿੱਸੇ ਨੂੰ ਦੇਖਦੇ ਹੋਏ ਨਹੀਂ ਪੜ੍ਹਦੇ ਹਾਂ ਬਲਕਿ ਸੰਪੂਰਨ ਤਸਵੀਰ ਬਣਾ ਕੇ ਪੜ੍ਹਦੇ ਹਾਂ। ਪੜ੍ਹਨ ਵਿੱਚ ਅਨੁਮਾਨ ਲਗਾਉਣ ਦਾ ਹੁਨਰ ਮਹੱਤਵਪੂਰਨ ਹੈ। ਸਕੂਲਾਂ ਵਿੱਚ ਪੜ੍ਹਨਾ ਸਿਖਾਉਣ ਦੇ ਵਰਤਮਾਨ ਤਰੀਕੇ, ਸ਼ਬਦ ਦਰ ਸ਼ਬਦ ਪੜ੍ਹਨਾ, ਨਿਯਮਾਂ ਨੂੰ ਰੱਟਣਾ, ਪੜ੍ਹਨ ਵਿੱਚ ਸਟੀਕਤਾ ਅਤੇ ਸ਼ੁੱਧਤਾ, ਗਲਤੀਆਂ 'ਤੇ ਟੋਕਣਾ ਆਦਿ ਘਾਟਾਂ ਹਨ, ਇਹ ਤਰੀਕੇ ਪੜ੍ਹਨਾ ਸਿਖਾਉਣ ਦੀ ਬਜਾਏ ਉਸ ਵਿੱਚ ਹੋਰ ਰੁਕਾਵਟਾਂ ਪਾਉਂਦੇ ਹਨ। ਜ਼ਰੂਰੀ ਹੈ ਕਿ ਬੱਚਿਆਂ ਨੂੰ ਪੜ੍ਹਨ ਦੇ ਰੌਚਕ ਅਤੇ ਸੰਦਰਭ ਪੂਰਨ ਮੌਕੇ ਉਪਲੱਬਧ ਕਰਾਏ ਜਾਣ, ਤਾਂਕਿ ਪੜ੍ਹਨਾ ਇੱਕ ਮਜ਼ੇਦਾਰ ਪ੍ਰਕਿਰਿਆ ਬਣ ਸਕੇ।

## 5.7 ਸੰਦਰਭ ਗ੍ਰੰਥ/ਕੁਝ ਉਪਯੋਗੀ ਪੁਸਤਕਾਂ


♦▲✪➢✥⮋,⋆▲🚹▲(੨੦੦੮), ✥▲➢✶✪✥ ⇧⇦➢✥✶⇩⇦⇨ ✥▲☛,©✥↰4✥⇩✶⇦,©35♣".

©35♣",(੨੦੦੮) ✥▲➢✶✪✥ ⇧⇦ ⟷▲✡▲⇨✶.©✥↰4✥⇩✶⇦,©35♣".

●✤⟷✶⇦,♥🚹⟷✶✥✥⇩(੧੯੯੯),☆▲✴✶✶✥✥▲➢✶⇧⮋✤✪✪▲✶⇦✪✥▲▲🚹✥,♥🚹☛✤🚹✥, 5⇧⇩▲✂⮋▲.


## 5.8 ਇਕਾਈ ਅੰਤ ਅਭਿਆਸ

1. ਇਸ ਇਕਾਈ ਵਿੱਚ ਪੜ੍ਹਨਾ ਸਿਖਾਉਣ ਦੇ ਬਾਰੇ ਵਿੱਚ ਤੁਹਾਨੂੰ ਕਿਹੜੀਆਂ ਗੱਲਾਂ ਮੁੱਖ ਲੱਗੀਆਂ ?

2. ਪੜ੍ਹਨਾ ਕੀ ਹੈ ? ਸਪੱਸ਼ਟ ਕਰੋ ਅਤੇ ਅਸੀਂ ਕਦੋਂ ਕਹਾਂਗੇ ਕਿ ਬੱਚਿਆਂ ਨੂੰ ਪੜ੍ਹਨਾ ਆ ਗਿਆ ?

3. ਤੁਹਾਨੂੰ ਕੀ ਲੱਗਦਾ ਹੈ, ਬੱਚੇ ਨੂੰ ਪੜ੍ਹਨਾ ਸਿਖਾਉਣ ਵਿੱਚ ਕਹਾਣੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ ? ਜੇਕਰ ਹਾਂ ਤਾਂ ਇੱਕ ਉਦਾਹਰਨ ਰਾਹੀਂ ਸਪੱਸ਼ਟ ਕਰੋ।

4. ਪੜ੍ਹਨ ਨੂੰ ਆਨੰਦਮਈ ਬਣਾਉਣ ਲਈ ਕੀ ਕੀ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ ?

5. ਪੜ੍ਹਨਾ ਸਿਖਾਉਣ ਲਈ ਤੁਸੀਂ ਪਾਠ ਪੁਸਤਕ ਤੋਂ ਇਲਾਵਾ ਹੋਰ ਕਿਹੜੀ ਕਿਹੜੀ ਸਮੱਗਰੀ ਦਾ ਪ੍ਰਯੋਗ ਕਰਨਾ ਚਾਹੋਗੇ ?

6. ਸਕੂਲ ਵਿੱਚ ਪ੍ਰਚੱਲਿਤ ਪੜ੍ਹਨਾ ਸਿਖਾਉਣ ਦੀਆਂ ਵਿਭਿੰਨ ਵਿਧੀਆਂ ਦਾ ਵਿਸ਼ਲੇਸ਼ਣ ਕਰੋ।

7. ਭਾਸ਼ਾ ਦੀ ਸਮੁੱਚੇ ਤੌਰ 'ਤੇ ਸਿੱਖਣਾ ਸੌਖਾ ਹੈ ਜਾਂ ਟੁਕੜਿਆਂ ਵਿੱਚ ? ਉਦਾਹਰਨ ਸਹਿਤ ਆਪਣੇ ਵਿਚਾਰਾਂ ਨੂੰ ਸਪੱਸ਼ਟ ਕਰੋ।

## ਗਤੀਵਿਧੀ

1. ਆਪਣੀ ਕਲਾਸ ਵਿੱਚ ਪੜ੍ਹਨ ਦਾ ਇੱਕ ਸਮਰਿੱਧ ਕੋਨਾ ਬਣਾਓ ਅਤੇ ਬੱਚਿਆਂ ਨੂੰ ਉਸ ਦੇ ਉਪਯੋਗ ਲਈ ਪ੍ਰੇਰਿਤ ਕਰੋ।

2. ਬੱਚਿਆਂ ਵੱਲੋਂ ਖੇਡ ਖੇਡ ਵਿੱਚ ਗਾਏ ਜਾਣ ਵਾਲੇ ਗੀਤਾਂ, ਕਵਿਤਾਵਾਂ ਦਾ ਇੱਕ ਸੰਗ੍ਰਹਿ ਤਿਆਰ ਕਰੋ। ਨਾਲ ਹੀ ਇਹ ਵੀ ਦੱਸੋ ਕਿ ਇਸ ਸਮੱਗਰੀ ਦਾ ਉਪਯੋਗ ਪੜ੍ਹਨਾ ਸਿਖਾਉਣ ਲਈ ਕਿਵੇਂ ਕਰੋਗੇ ?

## ਇਕਾਈ–6 ਲਿਖਣਾ

### ਸੰਰਚਨਾ

6.0 ਜਾਣ ਪਛਾਣ

6.1 ਸਿਖਲਾਈ ਉਦੇਸ਼

6.2 ਲਿਖਣ ਦਾ ਕੀ ਮਤਲਬ ਹੈ ?

6.3 ਲਿਖਣ ਦੀ ਸ਼ੁਰੂਆਤ

6.3.1 ਸੰਚਾਲਨ ਕੁਸ਼ਲਤਾ

6.3.2 ਅੱਖਰਾਂ, ਸ਼ਬਦਾਂ ਅਤੇ ਵਾਕਾਂ ਦਾ ਅਭਿਆਸ

6.4 ਚੰਗੀ ਲਿਖਾਈ ਦੇ ਤੱਤ

6.4.1 ਪੜ੍ਹਨ ਯੋਗ ਅਤੇ ਸੁੰਦਰ ਲਿਖਾਈ

6.4.2 ਚੰਗੀ ਲਿਖਾਈ ਵਿਕਸਤ ਕਰਨ ਲਈ ਬੱਚਿਆਂ ਦੀ ਸਹਾਇਤਾ ਕਰਨਾ

6.4.3 ਹੱਥ ਲਿਖਤ ਅਤੇ ਵਿਅਕਤੀਤਵ

6.4.4 ਡਿਸਲੈਕਸੀਆ ਅਤੇ ਹੋਰ ਅਸਮਰੱਥਾਵਾਂ ਦੇ ਸੂਚਕ ਦੇ ਰੂਪ ਵਿੱਚ ਹੱਥ ਲਿਖਾਈ

6.5 ਚੰਗੀ ਲਿਖਾਈ ਦੀਆਂ ਵਿਸ਼ੇਸ਼ਤਾਵਾਂ

6.5.1 ਵਿਆਕਰਨ ਦੀ ਦ੍ਰਿਸ਼ਟੀ ਨਾਲ ਸਹੀ ਭਾਸ਼ਾ

6.5.2 ਪਾਠਕ ਨੂੰ ਮਨ ਵਿੱਚ ਰੱਖੋ

6.5.3 ਸਰਲ ਬਨਾਮ ਅਲੰਕਾਰੀ ਭਾਸ਼ਾ

6.6 ਸ਼ੁਰੂਆਤੀ ਕਲਾਸਾਂ ਵਿੱਚ ਲਿਖਾਈ ਕੁਸ਼ਲਾਂ ਦਾ ਵਿਕਾਸ

6.7 ਲਿਖਣ ਦੇ ਉੱਚ ਪ੍ਰਕਾਰ

6.8 ਸਾਰਾਂਸ਼

6.9 ਸੰਦਰਭ ਗ੍ਰੰਥ/ਕੁਝ ਉਪਯੋਗੀ ਪੁਸਤਕਾਂ

6.10 ਇਕਾਈ ਅੰਤ ਅਭਿਆਸ

## 6.0 ਜਾਣ ਪਛਾਣ

ਪਿਛਲੀਆਂ ਇਕਾਈਆਂ ਵਿੱਚ ਅਸੀਂ ਸੁਣਨ, ਬੋਲਣ ਅਤੇ ਪੜ੍ਹਨ ਦੀਆਂ ਤਿੰਨਾਂ ਭਾਸ਼ਾਈ ਕੁਸ਼ਲਤਾਵਾਂ ਦੇ ਵਿਚਕਾਰ ਗਹਿਰੇ ਸਬੰਧ ਨੂੰ ਜਾਣ ਚੁੱਕੇ ਹਾਂ। ਇੱਕ ਵਿਅਕਤੀ ਵਿੱਚ ਲਿਖਣ ਦੀ ਕੁਸ਼ਲਤਾ ਸਭ ਤੋਂ ਅੰਤ ਵਿੱਚ ਵਿਕਸਤ ਹੁੰਦੀ ਹੈ, ਮਤਲਬ ਉਹ ਹੋਰ ਤਿੰਨ ਕੁਸ਼ਲਤਾਵਾਂ ਤੋਂ ਆਜ਼ਾਦ ਨਹੀਂ ਹੈ। ਲਿਖਣਾ ਸਿੱਖਦੇ ਸਮੇਂ ਭਾਸ਼ਾ ਦੇ ਦੋ ਕਾਰਜ ਪ੍ਰਗਟਾਵੇ ਅਤੇ ਸੰਚਾਰ ਬਹੁਤ ਮਹੱਤਵਪੂਰਨ ਹਨ। ਇਸ ਇਕਾਈ ਵਿੱਚ ਅਸੀਂ ਬੱਚਿਆਂ ਵਿੱਚ ਪ੍ਰਗਟਾਵੇ ਅਤੇ ਸੰਚਾਰ ਦੇ ਵਿਕਾਸ ਅਤੇ ਉਨ੍ਹਾਂ ਵੱਲੋਂ ਲਿਖਣਾ ਸਿੱਖਣ ਦੇ ਬਾਰੇ ਵਿੱਚ ਗੱਲ ਕਰਾਂਗੇ। ਇਸੀ ਦੇ ਨਾਲ ਲਿਖਣਾ ਸਿਖਾਉਣ ਦੇ ਕੁਝ ਪ੍ਰਭਾਵੀ ਤਰੀਕਿਆਂ ਦੇ ਸੁਝਾਅ ਵੀ ਦਿੱਤੇ ਜਾਣਗੇ।

ਅਧਿਆਪਨ ਤਾਂ ਹੀ ਪ੍ਰਭਾਵੀ ਹੋਏਗਾ ਜਦੋਂ ਬੱਚਿਆਂ ਲਈ ਇਸਦਾ ਅਨੁਭਵ ਅਰਥ ਪੂਰਨ ਹੋਏਗਾ। ਇਸ ਮਾਨਤਾ ਵਿੱਚ ਛੋਟੀਆਂ ਕਲਾਸਾਂ ਲਈ ਅੱਖਰਾਂ ਅਤੇ ਵਿਆਕਰਨ ਦੇ ਅਧਿਐਨ ਵਿੱਚ ਪ੍ਰਭਾਵ ਵੀ ਸ਼ਾਮਲ ਹਨ ਅਤੇ ਇਸੀ ਦੇ ਨਾਲ ਉੱਚ ਕਲਾਸਾਂ ਵਿੱਚ ਲਿਖਣਾ ਦੇ ਵਿਭਿੰਨ ਪ੍ਰਕਾਰਾਂ ਨੂੰ ਪੜ੍ਹਨਾ ਵੀ ਸ਼ਾਮਲ ਹੈ। ਸਿੱਖਣ ਦੀ ਪ੍ਰਕਿਰਿਆ ਅਤੇ ਅਰਥ ਨੂੰ ਧਿਆਨ ਵਿੱਚ ਰੱਖਦੇ ਹੋਏ ਗਲਤੀਆਂ ਵਿੱਚ ਸੁਧਾਰ, ਲਿਖਾਈ 'ਤੇ ਵਿਸ਼ੇਸ਼ ਧਿਆਨ, ਅਲੰਕਾਰੀ ਭਾਸ਼ਾ ਦਾ ਉਪਯੋਗ ਸਮੇਤ ਅਨੇਕ ਪ੍ਰਚੱਲਿਤ ਅਭਿਆਸਾਂ 'ਤੇ ਚਰਚਾ ਕਰਾਂਗੇ।

## 6.1 ਸਿਖਲਾਈ ਉਦੇਸ਼

ਇਸ ਇਕਾਈ ਨੂੰ ਪੜ੍ਹਨ ਤੋਂ ਬਾਅਦ ਤੁਸੀਂ:

· ਲਿਖਣ ਦਾ ਅਰਥ ਅਤੇ ਸੁਣਨ, ਬੋਲਣ ਅਤੇ ਵਿਚਾਰ ਕਰਨ ਨਾਲ ਇਸਦਾ ਸਬੰਧੀ ਜਾਣ ਸਕੋਗੇ,

· ਬੱਚਿਆਂ ਨੂੰ ਲਿਖਣਾ ਸਿਖਾਉਣ ਵਿੱਚ ਅਧਿਆਪਕ ਦੀ ਭੂਮਿਕਾ ਪਛਾਣ ਸਕੋਗੇ,

· ਉਹ ਤਰੀਕੇ ਜੋ ਉੱਚ ਪ੍ਰਾਇਮਰੀ ਪੱਧਰ 'ਤੇ ਲਿਖਣਾ ਸਿਖਾਉਣ ਅਤੇ ਨਾਲ ਹੀ ਇਸ ਦਾ ਹੁਨਰ ਵਿਕਸਤ ਕਰਨ ਵਿੱਚ ਅਪਣਾਏ ਜਾ ਸਕਦੇ ਹਨ, ਦੇ ਬਾਰੇ ਵਿੱਚ ਆਪਣੀ ਰਾਇ ਦੇ ਸਕਣਗੇ।

## 6.2 ਲਿਖਣ ਦਾ ਕੀ ਮਤਲਬ ਹੈ ?

ਭਾਸ਼ਾ ਸਿੱਖਣ ਵਿੱਚ ਲਿਖਣਾ ਸਿੱਖਣਾ ਸਭ ਤੋਂ ਕਠਿਨ ਟੀਚਿਆਂ ਵਿੱਚੋਂ ਇੱਕ ਹੈ। ਇਸ ਦਾ ਕਾਰਨ ਇਹ ਹੈ ਕਿ ਲਿਖਣ ਵਿੱਚ ਇਕੱਠੇ ਅਨੇਕ ਪ੍ਰਕਾਰ ਦੇ ਕੁਸ਼ਲਾਂ ਦਾ ਉਪਯੋਗ ਕਰਨ ਦੀ ਜ਼ਰੂਰਤ ਹੁੰਦੀ ਹੈ। ਲਿਖਣ ਲਈ ਸਭ ਤੋਂ ਪਹਿਲਾਂ ਸਾਨੂੰ ਚੰਗੀ ਸੰਚਾਲਨ ਕੁਸ਼ਲਤਾ ਮਤਲਬ ਕਿ ਉਂਗਲੀਆਂ ਦੇ ਸੰਤੁਲਨ ਅਤੇ ਸੰਚਾਲਨ ਦੀ ਕੁਸ਼ਲਤਾ ਹੋਣੀ ਚਾਹੀਦੀ ਹੈ ਜੋ ਕਿ ਸਾਨੂੰ ਪੈੱਨ ਜਾਂ ਪੈਨਸਿਲ ਫੜਨ ਅਤੇ ਮਨਚਾਹੀ ਆਕ੍ਰਿਤੀ ਬਣਾਉਣ ਲਈ ਤਿਆਰ ਕਰ ਸਕਣ। ਇਸ ਤੋਂ ਬਾਅਦ ਸਾਨੂੰ ਲਿਖ ਕੇ ਦੂਜਿਆਂ ਤੱਕ ਆਪਣੀ ਗੱਲ ਪਹੁੰਚਾਉਣ ਲਈ ਭਾਸ਼ਾ ਦਾ ਉਪਯੋਗ ਕਰਨ ਦੀ ਕੁਸ਼ਲਤਾ ਪ੍ਰਾਪਤ ਕਰਨੀ ਹੁੰਦੀ ਹੈ।

ਲਿਖਣਾ ਕੀ ਹੈ ? ਲਿਖਣ ਦਾ ਅਰਥ ਮੰਨਿਆ ਜਾਂਦਾ ਹੈ ਅਜਿਹੇ ਚਿੰਨ੍ਹ ਅਤੇ ਆਕ੍ਰਿਤੀਆਂ ਬਣਾਉਣਾ ਜੋ ਕਿ ਦੂਜੇ ਵਿਅਕਤੀ ਵੱਲੋਂ ਸਮਝੇ ਜਾ ਸਕਣ। ਹਾਲਾਂਕਿ ਇਹ ਪਰਿਭਾਸ਼ਾ ਸਿੱਧੀ ਸਾਦੀ ਹੈ ਪਰ ਇਹ ਸਾਡੇ ਦੈਨਿਕ ਜੀਵਨ ਵਿੱਚ ਪ੍ਰਯੋਗ ਕੀਤੇ ਜਾਣ ਵਾਲੇ ਸ਼ਬਦਾਂ ਦੇ

ਅਰਥਾਂ ਵਿੱਚ ਛੁਪੀਆਂ ਬਾਰੀਕੀਆਂ ਦੀ ਤਰਫ਼ ਧਿਆਨ ਨਹੀਂ ਦਿੰਦੀ। ਉਦਾਹਰਨ ਲਈ ਇਹ ਪਰਿਭਾਸ਼ਾ ਪ੍ਰਗਟਾਵੇ ਅਤੇ ਲਿਖਣ ਦੇ ਵਿਚਕਾਰ ਮਹੱਤਵਪੂਰਨ ਕੜੀਆਂ ਨੂੰ ਪ੍ਰਗਟ ਨਹੀਂ ਕਰਦੀ। ਜੇਕਰ ਕੋਈ ਵਿਅਕਤੀ ਇੱਕ ਅਜਿਹਾ ਚਿੱਤਰ ਬਣਾਉਂਦਾ ਹੈ ਜੋ ਕਿ ਦੂਜੇ ਵਿਅਕਤੀ ਵੱਲੋਂ ਸਮਝਿਆ ਜਾ ਸਕਦਾ ਹੈ, ਫਿਰ ਵੀ ਉਸ ਨੂੰ ਅਸੀਂ ਭਾਸ਼ਾ ਨਹੀਂ ਕਹਿੰਦੇ। ਇਹ ਪਰਿਭਾਸ਼ਾ ਬੋਲਣ ਅਤੇ ਲਿਖਣ ਦੇ ਵਿਚਕਾਰ ਮਹੱਤਵਪੂਰਨ ਕੜੀ ਨੂੰ ਵੀ ਅਣਦੇਖਿਆ ਕਰਦੀ ਹੈ।

ਬੋਲਣ ਅਤੇ ਲਿਖਣ ਦੀਆਂ ਕਿਰਿਆਵਾਂ ਬਹੁਤ ਹੀ ਅਲੱਗ ਅਲੱਗ ਸਮੇਂ 'ਤੇ ਸ਼ੁਰੂ ਹੋਈਆਂ। ਅਜਿਹਾ ਅਨੁਮਾਨ ਲਗਾਇਆ ਜਾਂਦਾ ਹੈ ਕਿ ਮਨੁੱਖ ਨੇ ਭਾਸ਼ਾ ਬੋਲਣਾ ਲਗਪਗ ਦਸ ਲੱਖ ਸਾਲ ਪਹਿਲਾਂ ਸ਼ੁਰੂ ਕਰ ਦਿੱਤਾ ਸੀ ਜਦੋਂ ਕਿ ਭਾਸ਼ਾ ਨੂੰ ਲਿਖਣਾ ਲਗਪਗ ਪੰਜ ਹਜ਼ਾਰ ਸਾਲ ਪਹਿਲਾਂ ਸ਼ੁਰੂ ਹੋਇਆ। ਪ੍ਰਿਥਵੀ ਦੇ ਸਾਰੇ ਸਮੁਦਾਇਆਂ ਵਿੱਚ ਬੋਲਣ ਦੀ ਭਾਸ਼ਾ ਦਾ ਜਨਮ ਲਿਖਣ ਦੀ ਭਾਸ਼ਾ ਤੋਂ ਬਹੁਤ ਪਹਿਲਾਂ ਹੋਇਆ। ਕਈ ਸਮੁਦਾਏ ਅਜਿਹੇ ਵੀ ਹਨ ਜਿਨ੍ਹਾਂ ਕੋਲ ਲਿਖਣ ਦਾ ਕੋਈ ਸਿਸਟਮ ਹੀ ਨਹੀਂ ਹੈ। ਜਿਵੇਂ ਜਿਵੇਂ ਸਾਡੀਆਂ ਸਮਾਜਿਕ ਅਤੇ ਖੇਤਰੀ ਸੀਮਾਵਾਂ ਦਾ ਵਿਕਾਸ ਹੋਣ ਲੱਗਿਆ, ਮੋਟੇ ਰੂਪ ਵਿੱਚ ਇਸੀ ਦੇ ਨਾਲ ਲਿਖਣ ਦੀ ਭਾਸ਼ਾ ਦੀ ਸ਼ੁਰੂਆਤ ਹੋਈ।

'ਲਿਖਣਾ' ਕੇਵਲ ਇੱਕ ਪ੍ਰਕਾਰ ਦਾ ਜ਼ਰੀਆ ਹੈ ਜਿਸ ਵਿੱਚ ਬੋਲੀ ਗਈ ਗੱਲ ਨੂੰ ਪ੍ਰਗਟ ਕੀਤਾ ਜਾ ਸਕਦਾ ਹੈ। ਮਤਲਬ 'ਲਿਖਣਾ' ਇੱਕ ਨਵੀਂ ਭਾਸ਼ਾ ਨੂੰ ਪੇਸ਼ ਨਹੀਂ ਕਰਦਾ ਬਲਕਿ ਇਹ ਕੇਵਲ ਉਸੀ ਭਾਸ਼ਾ ਨੂੰ ਨਵੇਂ ਰੂਪ ਵਿੱਚ ਪੇਸ਼ ਕਰਦਾ ਹੈ। ਫਿਰ ਵੀ ਸੰਚਾਰ ਦੇ ਇਨ੍ਹਾਂ ਦੋ ਮਾਧਿਅਮਾਂ ਦੇ ਵਿਚਕਾਰ ਅੰਤਰ ਹੈ। ਪਹਿਲਾ ਲਿਖਤ ਸ਼ਬਦ ਬੋਲੇ ਗਏ ਸੰਦੇਸ਼ ਤੋਂ ਜ਼ਿਆਦਾ ਸਥਾਈ ਹੁੰਦਾ ਹੈ। ਬੋਲੇ ਗਏ ਸ਼ਬਦ ਉਦੋਂ ਤੱਕ ਹੀ ਰਹਿੰਦੇ ਹਨ ਜਦੋਂ ਤੱਕ ਸਾਡੇ ਬੋਲਣ ਦੀ ਆਵਾਜ਼ ਰਹਿੰਦੀ ਹੈ ਜਦੋਂ ਕਿ ਲਿਖਤ ਸਮੱਗਰੀ ਉਦੋਂ ਤੱਕ ਬਣੀ ਰਹਿੰਦੀ ਹੈ ਜਦੋਂ ਤੱਕ ਕਿ ਉਹ ਸਮੱਗਰੀ ਰਹਿੰਦੀ ਹੈ। ਅਰਥਾਤ ਬੋਲੇ ਗਏ ਸ਼ਬਦ ਅਮੂਰਤ, ਅਪ੍ਰਤੱਖ ਅਤੇ ਅਸਥਾਈ ਹੁੰਦੇ ਹਨ ਜਦੋਂ ਕਿ ਲਿਖਤ ਸ਼ਬਦ ਮੂਰਤ, ਪ੍ਰਤੱਖ ਅਤੇ ਸਥਾਈ ਹੁੰਦੇ ਹਨ। ਦੂਜਾ, ਬੋਲਦੇ ਸਮੇਂ ਸੁਣਨ ਵਾਲਾ ਅਕਸਰ ਸਾਡੇ ਸਾਹਮਣੇ ਹੁੰਦਾ ਹੈ। ਇਸ ਪ੍ਰਕਾਰ ਸਾਡੇ ਸੰਦੇਸ਼ ਦੇ ਵਿਸ਼ਾ ਵਸਤੂ ਵਿੱਚ ਸ਼ਬਦਾਂ ਦੇ ਅਰਥ ਅਤੇ ਨਾਲ ਹੀ ਅਜਿਹੇ ਹਾਵ ਭਾਵ ਸ਼ਾਮਲ ਹੁੰਦੇ ਹਨ ਜਿਨ੍ਹਾਂ ਵਿੱਚ ਸਾਡੀਆਂ ਆਵਾਜ਼ਾਂ ਦੀਆਂ ਧੁਨੀਆਂ ਸਬੰਧੀ ਗੁਣਵੱਤਾ ਵੀ ਸ਼ਾਮਲ ਹੁੰਦੀ ਹੈ। ਭਾਸ਼ਾ ਦੇ ਬੋਲੇ ਗਏ ਰੂਪ ਵਿੱਚ ਕਿਸੇ ਵੀ ਪ੍ਰਕਾਰ ਦੀ ਗਲਤਫਹਿਮੀ ਦੀ ਸਥਿਤੀ ਵਿੱਚ ਅਸੀਂ ਤੁਰੰਤ ਹੀ ਆਪਣੇ ਆਪ ਨੂੰ (ਕਥਨ ਨੂੰ) ਠੀਕ ਕਰ ਸਕਦੇ ਹਾਂ ਪਰ ਭਾਸ਼ਾ ਦੇ ਲਿਖਤ ਰੂਪ ਦੇ ਨਾਲ ਹੀ ਅਜਿਹੀ ਸੁਵਿਧਾ ਨਹੀਂ ਹੁੰਦੀ ਹੈ। ਪ੍ਰਸਿੱਧ ਸਾਹਿਤਕਾਰ ਪ੍ਰੇਮਚੰਦ ਨੇ ਵੀ ਕਿਹਾ ਹੈ ਕਿ 'ਬੋਲਣ ਨਾਲ ਜ਼ੁਬਾਨ ਨਹੀਂ ਕੱਟਦੀ ਹੈ, ਪਰ ਲਿਖ ਦੇਣ ਨਾਲ ਹੱਥ ਕੱਟ ਜਾਂਦੇ ਹਨ।' ਇਹ ਸਹੀ ਹੈ ਕਿ ਸਾਡੇ ਕੋਲ ਲਿਖਦੇ ਸਮੇਂ ਉਸ ਤੋਂ ਕਿਧਰੇ ਜ਼ਿਆਦਾ ਸਮਾਂ ਵੀ ਹੁੰਦਾ ਹੈ ਜਿੰਨਾ ਕਿ ਸਾਡੇ ਕੋਲ ਬੋਲਦੇ ਸਮੇਂ ਹੁੰਦਾ ਹੈ। ਇਸ ਲਈ ਜੇਕਰ ਅਸੀਂ ਚਾਹੀਏ ਤਾਂ ਸਾਡੇ ਕੋਲ ਵਾਕਾਂ ਵਿੱਚ ਸੁਧਾਰ ਕਰਨ ਅਤੇ ਉਨ੍ਹਾਂ ਨੂੰ ਫਿਰ ਤੋਂ ਲਿਖਣ ਦਾ ਵੀ ਅਵਸਰ ਹੁੰਦਾ ਹੈ। ਇਸ ਲਈ ਬੋਲੇ ਜਾਣ ਵਾਲੇ ਵਾਕ ਲਿਖਤ ਵਾਕਾਂ ਦੀ ਤੁਲਨਾ ਵਿੱਚ ਆਮ ਤੌਰ 'ਤੇ ਘੱਟ ਮੁਸ਼ਕਿਲ ਹੁੰਦੇ ਹਨ।

ਭਾਸ਼ਾ ਲਗਾਤਾਰ ਬਦਲਦੀ ਅਤੇ ਵਿਕਸਤ ਹੁੰਦੀ ਰਹਿੰਦੀ ਹੈ। ਪਰ ਇਹ ਤਬਦੀਲੀ ਲਿਖਤ ਭਾਸ਼ਾ ਦੀ ਬਜਾਏ ਬੋਲਣ ਦੀ ਭਾਸ਼ਾ ਵਿੱਚ ਜਲਦੀ ਦਿਖਾਈ ਦਿੰਦੀ ਹੈ। ਲਿਖਤ ਭਾਸ਼ਾ ਆਪਣਾ ਸਵਰੂਪ ਲੰਬੇ ਸਮੇਂ ਤੱਕ ਬਣਾਏ ਰੱਖਦੀ ਹੈ ਅਤੇ ਬਹੁਤ ਹੌਲੀ ਹੌਲੀ ਬਦਲਦੀ ਹੈ। ਬੱਚਿਆਂ ਰਾਹੀਂ ਲਿਖਣਾ ਸਿੱਖਣ ਦੇ ਸੰਦਰਭ ਵਿੱਚ ਇਹ ਬਿੰਦੂ ਮਹੱਤਵਪੂਰਨ ਹੈ। ਸ਼ੁਰੂ ਵਿੱਚ ਬੱਚਿਆਂ ਰਾਹੀਂ ਲਿਖਣ ਦੇ ਸਾਰੇ ਉਪਰਾਲੇ ਸ਼ਬਦ ਦੀ ਧੁਨੀ ਅਤੇ ਜਿਸ ਤਰ੍ਹਾਂ ਨਾਲ ਸ਼ਬਦ ਬੋਲੇ ਜਾਂਦੇ ਹਨ ਉਸ ਤੋਂ ਪ੍ਰਭਾਵਿਤ ਹੁੰਦੇ ਹਨ। ਜੇਕਰ ਬੋਲੀਆਂ ਗਈਆਂ ਇਹ ਧੁਨੀਆਂ ਲਿਖਣ ਦੇ ਸਵੀਕਾਰਤ ਪ੍ਰਕਾਰਾਂ ਨਾਲ ਮੇਲ ਨਹੀਂ ਖਾਂਦੀਆਂ ਹਨ ਤਾਂ ਇਸ ਨਾਲ ਬਾਲਕ ਵੱਲੋਂ ਗਲਤੀਆਂ ਕਰਨ ਦੀ ਸੰਭਾਵਨਾ ਵਧ ਜਾਂਦੀ ਹੈ। ਇਸ ਪ੍ਰਕਾਰ ਇਹ ਗਲਤੀਆਂ ਅਕਸਰ ਸਿੱਖਣ ਦੀ ਦਿਸ਼ਾ ਵਿੱਚ ਵਧੇ ਹੋਏ ਕਦਮ ਨੂੰ ਦਰਸਾਉਂਦੀਆਂ ਹਨ ਅਤੇ ਇਸ ਲਈ ਉਨ੍ਹਾਂ ਨੂੰ ਉਨ੍ਹਾਂ ਦੇ ਉਚਿੱਤ ਸੰਦਰਭ ਵਿੱਚ ਦੇਖਿਆ ਜਾਣਾ ਜ਼ਰੂਰੀ ਹੈ।

**ਆਪਣੀ ਪ੍ਰਗਤੀ ਨੂੰ ਪਰਖੋ: 1**

1. ਲਿਖਣਾ ਕੇਵਲ ਇੱਕ ਪ੍ਰਕਾਰ ਦਾ ਮਾਧਿਅਮ ਹੈ ਜੋ–

(ੳ) ਨਵੀਂ ਭਾਸ਼ਾ ਨੂੰ ਪੇਸ਼ ਕਰਦਾ ਹੈ।

(ਅ) ਉਸੀ ਭਾਸ਼ਾ ਨੂੰ ਨਵੇਂ ਰੂਪ ਵਿੱਚ ਪੇਸ਼ ਕਰਦਾ ਹੈ।

(ੲ) ਲਿਖਣਾ ਸਿਖਾਉਂਦਾ ਹੈ।

(ਸ) ਪੜ੍ਹਨਾ ਸਿਖਾਉਂਦਾ ਹੈ।

2. ਲਿਖਣ ਲਈ ਕਿਸੇ ਵਿਅਕਤੀ ਵਿੱਚ ਕਿਹੜੀਆਂ ਸਮਰੱਥਾਵਾਂ ਦਾ ਹੋਣਾ ਜ਼ਰੂਰੀ ਹੈ ?

————————————————————————————————
————————————————————————————————
———————————————————

3. ਭਾਸ਼ਾ ਦੇ ਬੋਲੇ ਗਏ ਰੂਪ ਅਤੇ ਲਿਖੇ ਗਏ ਰੂਪ ਵਿੱਚ ਕੀ ਅੰਤਰ ਹੈ ? ਇਸ ਵਿੱਚ ਕਿਹੜਾ ਰੂਪ ਜ਼ਿਆਦਾ ਪਰਿਵਰਤਨਸ਼ੀਲ ਅਤੇ ਜ਼ਿਆਦਾ ਪ੍ਰਮਾਣਿਕ ਹੈ ?

————————————————————————————————
————————————————————————————————
———————————————————

4. ਕਿਸੇ ਨੂੰ ਇੱਕ ਪਹਿਰਾ ਪੜ੍ਹਨ ਲਈ ਕਹੋ। ਉਸ ਤੋਂ ਬਾਅਦ ਉਸ ਨੂੰ ਉਹ ਸਭ ਕੁਝ ਲਿਖਣ ਲਈ ਕਹੋ ਜੋ ਕਿ ਉਸਨੇ ਪੈਰੇ ਤੋਂ ਸਮਝਿਆ ਹੈ। ਦੇਖੋ ਕਿ ਉਸ ਨੇ ਲਿਖਣ ਦੇ ਦੌਰਾਨ ਕਿਹੜੀਆਂ ਕਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕੀਤਾ ਅਤੇ ਕੀ ਕੀ ਗਲਤੀਆਂ ਕੀਤੀਆਂ।

———————————————————————————————

## 6.3 ਲਿਖਣ ਦੀ ਸ਼ੁਰੂਆਤ

### 6.3.1 ਸੰਚਾਲਨ ਕੁਸ਼ਲਤਾ

ਇੱਕ ਬੱਚਾ ਲਿਖਣਾ ਸਿੱਖ ਸਕੇ, ਇਸ ਤੋਂ ਪਹਿਲਾਂ ਉਸ ਵੱਲੋਂ ਉਨ੍ਹਾਂ ਕੁਸ਼ਲਾਂ ਵਿੱਚ ਕੁਸ਼ਲਤਾ ਪ੍ਰਾਪਤ ਕਰਨੀ ਜ਼ਰੂਰੀ ਹੈ ਜੋ ਇਸ ਨਾਲ ਜੁੜੇ ਹਨ। ਪਹਿਲਾਂ ਬੱਚੇ ਵਿੱਚ ਸੰਚਾਲਨ ਸਮਰੱਥਾ/ਉਂਗਲੀਆਂ ਦੀ ਪਕੜ ਚੰਗੀ ਤਰ੍ਹਾਂ ਨਾਲ ਵਿਕਸਤ ਹੋਣੀ ਚਾਹੀਦੀ ਹੈ। ਸੰਚਾਲਨ ਕੁਸ਼ਲਾਂ ਦੇ ਵਿਕਾਸ ਨੂੰ ਪ੍ਰੋਤਸਾਹਿਤ ਕਰਨ ਲਈ ਬੱਚਿਆਂ ਨੂੰ ਠੋਸ ਵਸਤੂਆਂ ਨਾਲ ਅੰਤਰਕਿਰਿਆ ਕਰਾਉਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਇਨ੍ਹਾਂ ਵਸਤੂਆਂ ਨੂੰ ਜਿਵੇਂ ਉਹ ਠੀਕ ਸਮਝਣ ਉਸੀ ਦੇ ਅਨੁਸਾਰ ਸੰਚਾਲਤ ਕਰਨ ਦੇਣਾ ਚਾਹੀਦਾ ਹੈ। ਵਸਤੂਆਂ ਨੂੰ ਫੜਨ ਅਤੇ ਉਨ੍ਹਾਂ ਦਾ ਪ੍ਰਯੋਗ ਕਰਨ ਨਾਲ ਬੱਚਿਆਂ ਦੀ ਪਕੜ ਵਿਕਸਤ ਹੁੰਦੀ ਹੈ। ਚਿੱਤਰਕਾਰੀ ਬੱਚਿਆਂ ਵਿੱਚ ਸੰਚਾਲਨ ਕੁਸ਼ਲਾਂ ਦਾ ਵਿਕਾਸ ਕਰਨ ਤੋਂ ਇਲਾਵਾ ਉਨ੍ਹਾਂ ਦਾ ਮਨੋਰੰਜਨ ਵੀ ਕਰਦੀ ਹੈ। ਇਸ ਲਈ ਬੱਚਿਆਂ ਨੂੰ ਚਿੱਤਰ ਬਣਾਉਣ ਲਈ ਪ੍ਰੋਤਸਾਹਿਤ ਕਰਨਾ ਚਾਹੀਦਾ ਹੈ। ਬੱਚਿਆਂ ਦੀ ਚਿੱਤਰਕਾਰੀ ਵਿੱਚ ਸ਼ੁਰੂ ਤੋਂ ਅਰਥਹੀਣ ਲਿਖਾਈ ਜਿਵੇਂ ਆਕਾਰ ਬਣਦੇ ਹਨ, ਜੋ ਹੌਲੀ ਹੌਲੀ ਪਛਾਣਨ ਯੋਗ ਵਿਸ਼ੇਸ਼ ਆਕਾਰਾਂ ਅਤੇ ਆਕ੍ਰਿਤੀਆਂ ਦੇ ਰੂਪ ਵਿੱਚ ਵਿਕਸਤ ਹੋ ਜਾਂਦੇ ਹਨ। ਇਸ ਤੋਂ ਇਲਾਵਾ ਇੱਕ ਬਰਤਨ ਵਿੱਚ ਪਾਣੀ ਪਾਉਣਾ, ਫੁੱਲਾਂ ਦੀ ਮਾਲਾ ਬਣਾਉਣਾ, ਮਿੱਟੀ ਜਾਂ ਗਾਰੇ ਤੋਂ ਆਕ੍ਰਿਤੀਆਂ ਬਣਾਉਣਾ ਵਰਗੇ ਖੇਡ ਵੀ ਸੰਚਾਲਨ ਸਬੰਧੀ ਕੁਸ਼ਲਤਾਵਾਂ ਦੇ ਵਿਕਾਸ ਵਿੱਚ ਸਹਾਇਤਾ ਕਰਦੇ ਹਨ। ਬੱਚੇ ਦੇ ਘਰ ਦਾ ਵਾਤਾਵਰਣ ਉਸ ਨੂੰ ਇਸ ਤਰ੍ਹਾਂ ਦੇ ਕੰਮਾਂ ਲਈ ਢੁਕਵਾਂ ਮੌਕਾ ਦਿੰਦਾ ਹੈ। ਇਸ ਲਈ ਅਧਿਆਪਕ ਨੂੰ ਬੱਚਿਆਂ ਨੂੰ ਇਸ ਤਰ੍ਹਾਂ ਦੀ ਗਤੀਵਿਧੀਆਂ ਦੇ ਮੌਕੇ ਦੇਣੇ ਚਾਹੀਦੇ ਹਨ।

### 6.3.2 ਅੱਖਰਾਂ, ਸ਼ਬਦਾਂ ਅਤੇ ਵਾਕਾਂ ਦਾ ਅਭਿਆਸ

ਆਮ ਤੌਰ 'ਤੇ ਇਹ ਸਮਝਿਆ ਜਾਂਦਾ ਹੈ ਕਿ ਅੱਖਰਾਂ ਦਾ ਬਾਰ ਬਾਰ ਅਭਿਆਸ ਕਰਨ ਨਾਲ ਵਾਕਾਂ ਨੂੰ ਲਿਖਣਾ ਸਿੱਖਣ ਵਿੱਚ ਸਹਾਇਤਾ ਮਿਲਦੀ ਹੈ। ਇਹ ਗੱਲ ਇੱਕ ਸੀਮਾ ਤੱਕ ਸਹੀ ਹੈ, ਪਰ ਜੇਕਰ ਬੱਚੇ ਅੱਖਰਾਂ ਨੂੰ ਦੁਹਰਾਉਣ ਦੇ ਕਠਿਨ ਕਾਰਜ ਵਿੱਚ ਲੱਗੇ ਰਹੇ ਤਾਂ ਲਿਖਣਾ ਸਿੱਖਣਾ ਸ਼ੁਰੂ ਕਰਨ ਤੋਂ ਪਹਿਲਾਂ ਹੀ ਲਿਖਣ ਪ੍ਰਤੀ ਉਨ੍ਹਾਂ ਦੀ ਰੁਚੀ ਖਤਮ ਹੋ ਜਾਏਗੀ। ਹਾਲਾਂਕਿ ਬੱਚੇ ਨੂੰ ਲਿਖਤ ਸ਼ਬਦਾਂ ਤੋਂ ਜਾਣੂ ਕਰਾਉਣ ਵਿੱਚ ਅਲੱਗ ਅਲੱਗ ਅੱਖਰ ਅਤੇ ਵਰਣਮਾਲਾ ਉਪਯੋਗੀ ਹੈ, ਪਰ ਉਹ ਉਦੋਂ ਤੱਕ ਅਰਥਪੂਰਨ ਨਹੀਂ ਹੋ ਸਕਦੇ ਜਦੋਂ ਤੱਕ ਕਿ ਸ਼ਬਦਾਂ ਅਤੇ ਵਾਕਾਂ ਦੇ ਨਾਲ ਉਨ੍ਹਾਂ ਦੇ ਸਬੰਧ ਨੂੰ ਸਪੱਸ਼ਟ ਨਹੀਂ ਕਰ ਦਿੱਤਾ ਜਾਵੇ।

ਬੱਚਿਆਂ ਨੂੰ ਲਿਖਣਾ ਸਿਖਾਉਣ ਵਿੱਚ ਦੋ ਗੱਲਾਂ ਬਹੁਤ ਮਹੱਤਵ ਰੱਖਦੀਆਂ ਹਨ–ਉਨ੍ਹਾਂ ਦੀ ਯੋਗਤਾ ਅਤੇ ਸਮਰੱਥਾਵਾਂ ਦਾ ਸਨਮਾਨ ਕਰਨਾ ਅਤੇ ਅਜਿਹਾ ਆਨੰਦਦਾਇਕ ਵਾਤਾਵਰਣ ਤਿਆਰ ਕਰਨਾ ਜਿਸ ਵਿੱਚ ਉਹ ਸਿੱਖ ਸਕਣ। ਇਸ ਗੱਲ ਨੂੰ ਸਮਝਣਾ ਜ਼ਰੂਰੀ ਹੈ ਕਿ ਬੱਚੇ ਵਿੱਚ ਭਾਸ਼ਾ ਸਿੱਖਣ ਦੀ ਅਪਾਰ ਅਤੇ ਜਨਮਜਾਤ ਸਮਰੱਥਾ ਹੁੰਦੀ ਹੈ। ਉਹ ਸਮਾਜਿਕ ਅਨੁਭਵਾਂ ਦੇ ਜ਼ਰੀਏ ਨਾਲ ਜਿਨ੍ਹਾਂ ਵਿੱਚ ਕਿ ਬੋਲਣਾ ਅਤੇ ਸੁਣਨਾ ਸ਼ਾਮਲ ਹੈ, ਸੁਭਾਵਿਕ ਰੂਪ ਨਾਲ ਆਪਣੀ ਮਾਂ ਬੋਲੀ ਸਿੱਖ ਲੈਂਦੇ ਹਨ। ਇਸੀ ਤਰ੍ਹਾਂ ਲਿਖਤ ਸਮੱਗਰੀ ਨਾਲ ਜੁੜੇ ਅਰਥਪੂਰਨ ਅਨੁਭਵਾਂ ਦੇ ਜ਼ਰੀਏ ਨਾਲ ਜ਼ਿਆਦਾਤਰ ਲਿਖਣ ਦੇ ਨਿਯਮ ਵੀ ਗ੍ਰਹਿਣ ਕਰ ਲੈਂਦੇ ਹਨ। ਪੜ੍ਹਾਉਣ ਦੇ ਕ੍ਰਮ ਵਿੱਚ ਅਸੀਂ ਅਕਸਰ ਇਸ ਮਾਨਤਾ ਤਹਿਤ ਕੰਮ ਕਰਦੇ ਹਾਂ ਕਿ ਬੱਚੇ ਨੂੰ ਹਰ ਚੀਜ਼ ਦੱਸਣ ਦੀ ਲੋੜ ਹੈ। ਉਨ੍ਹਾਂ ਨੂੰ ਜਦੋਂ ਤੱਕ ਦੱਸਿਆ ਨਹੀਂ ਜਾਏਗਾ ਉਹ ਕੁਝ ਵੀ ਸਮਝ

ਨਹੀਂ ਸਕਣਗੇ। ਪਰ ਅਜਿਹਾ ਨਹੀਂ ਹੈ। ਸਾਨੂੰ ਇਸ ਪ੍ਰਕਾਰ ਦੀ ਮਾਨਸਿਕਤਾ ਤੋਂ ਛੁਟਕਾਰਾ ਪਾਉਣ ਦੀ ਲੋੜ ਹੈ ਅਤੇ ਬੱਚਿਆਂ ਦੀਆਂ ਸਮਰੱਥਾਵਾਂ ਦਾ ਸਨਮਾਨ ਕਰਨ ਦੀ ਲੋੜ ਹੈ। ਸਕੂਲ ਆਉਣ ਤੋਂ ਪਹਿਲਾਂ ਬੱਚਿਆਂ ਵਿੱਚ ਇੱਕ ਵਿਸ਼ੇਸ਼ ਲਿਖਣ ਦੀ ਸਮਰੱਥਾ ਵੀ ਹੁੰਦੀ ਹੈ। ਇਹ ਇੱਕ ਆਮ ਗੱਲ ਹੈ ਕਿ ਬੱਚੇ ਮਿੱਟੀ, ਫਰਸ਼ ਜਾਂ ਕਾਗਜ਼ 'ਤੇ ਅਲੱਗ ਅਲੱਗ ਕਿਸਮ ਦੇ ਚਿੰਨ੍ਹ ਅਤੇ ਆਕ੍ਰਿਤੀਆਂ ਬਣਾ ਕੇ ਚੰਗੀ ਖਾਸੀ ਕਹਾਣੀ ਸੁਣਾ ਦਿੰਦੇ ਹਨ। ਇਹ ਆਕ੍ਰਿਤੀਆਂ ਉਨ੍ਹਾਂ ਲਈ ਨਿਰਾਰਥਕ ਨਹੀਂ ਹੁੰਦੀਆਂ ਬਲਕਿ ਆਪਣੀ ਗੱਲਬਾਤ ਨੂੰ ਲਿਖ ਕੇ ਕਹਿਣ ਦੀ ਇੱਕ ਵਿਸ਼ੇਸ਼ ਲਿੱਪੀ ਹੁੰਦੀ ਹੈ। ਬੱਚਿਆਂ ਨੂੰ ਆਪਣੀਆਂ ਸਮਰੱਥਾਵਾਂ ਦਾ ਪੂਰਾ ਉਪਯੋਗ ਕਰਨ ਦਾ ਅਵਸਰ ਦਿੱਤਾ ਜਾਣਾ ਚਾਹੀਦਾ ਹੈ। ਸਿੱਖਣ ਦੀ ਪ੍ਰਕਿਰਿਆ, ਚਿੱਤਰ ਨੂੰ ਪੂਰਾ ਕਰਨ ਲਈ ਟੁਕੜਿਆਂ ਨੂੰ ਇਕੱਠੇ ਜੋੜਨ ਵਰਗਾ ਕਾਰਜ ਨਹੀਂ ਹੈ ਬਲਕਿ ਅਸਲ ਵਿੱਚ ਤਾਂ ਇਹ ਇਸ ਤੋਂ ਉਲਟ ਪ੍ਰਕਿਰਿਆ ਹੈ। ਸਭ ਤੋਂ ਪਹਿਲਾਂ ਇੱਕ ਸੰਪੂਰਨ ਚਿੱਤਰ ਆਕਾਰ ਲੈਂਦਾ ਹੈ ਅਤੇ ਫਿਰ ਵਿਸ਼ੇਸ਼ ਚੀਜ਼ਾਂ ਅਲੱਗ ਅਲੱਗ ਤਰੀਕਿਆਂ ਨਾਲ ਸਪੱਸ਼ਟ ਹੁੰਦੀਆਂ ਜਾਂਦੀਆਂ ਹਨ। ਜਦੋਂ ਤੱਕ ਕਿ ਇੱਕ ਸਾਰਥਕ, ਸੰਪੂਰਨ ਉਪਲੱਬਧ ਨਹੀਂ ਕਰਾਇਆ ਜਾਂਦਾ, ਛੋਟੀਆਂ ਵਿਸ਼ੇਸ਼ਤਾਵਾਂ ਜਿਵੇਂ ਕਿ ਵਰਣਮਾਲਾ ਦੇ ਅਲੱਗ ਥਲੱਗ ਅੱਖਰ, ਕੋਈ ਅਰਥ ਨਹੀਂ ਰੱਖਦੇ ਅਤੇ ਇਹ ਉਬਾਊ ਵੀ ਹੋਏਗਾ। ਇਸ ਤਰ੍ਹਾਂ ਦਾ ਉਪਰਾਲਾ ਲਿਖਣ ਦੀ ਸਮੁੱਚੀ ਪ੍ਰਕਿਰਿਆ ਦੇ ਪ੍ਰਤੀ ਟਾਲਣ ਦੀ ਪ੍ਰਵਿਰਤੀ ਨੂੰ ਹੀ ਪ੍ਰੋਤਸਾਹਨ ਦੇਏਗਾ। ਇਹ ਇੱਕ ਗੰਭੀਰ ਸਮੱਸਿਆ ਹੈ ਕਿਉਂਕਿ ਭਾਸ਼ਾ ਦੀ ਚੰਗੀ ਸਮਝ ਅਤੇ ਭਾਸ਼ਾ 'ਤੇ ਅਧਿਕਾਰ ਪ੍ਰਾਪਤ ਕਰਨਾ ਸਕੂਲਾਂ ਵਿੱਚ ਪੜ੍ਹਾਏ ਜਾਣ ਵਾਲੇ ਲਗਪਗ ਸਾਰੇ ਵਿਸ਼ਿਆਂ ਨੂੰ ਸਮਝਣ ਦਾ ਆਧਾਰ ਬਣਾਉਂਦੇ ਹਨ।

**ਆਪਣੀ ਪ੍ਰਗਤੀ ਨੂੰ ਪਰਖੋ: 2**

1.
ਸਿੱਖਣ ਦੀ ਪ੍ਰਕਿਰਿਆ ਕਿਵੇਂ ਸੰਪੰਨ ਹੁੰਦੀ ਹੈ ?(ੳ) ਚਿੱਤਰ ਨੂੰ ਪੂਰਾ ਕਰਨ ਲਈ ਟੁਕੜਿਆਂ ਨੂੰ ਇਕੱਠੇ ਜੋੜਨਾ(ਅ) ਪਹਿਲਾਂ ਸੰਪੂਰਨ ਚਿੱਤਰ ਦਾ ਆਕਾਰ ਲੈਣਾ ਫਿਰ ਵਿਸ਼ੇਸ਼ ਚੀਜ਼ਾਂ ਸਪੱਸ਼ਟ ਹੋਣੀਆਂ(ੲ) ਯਾਦ ਕਰਕੇ ਪੜ੍ਹਨਾ(ਸ) ਚਿੱਤਰ ਬਣਾ ਕੇ ਸਿੱਖਣਾ

2.
ਸਕੂਲ ਆਉਣ ਤੋਂ ਪਹਿਲਾਂ ਬੱਚਿਆਂ ਵੱਲੋਂ ਬਣਾਏ ਗਏ ਚਿੰਨ੍ਹ ਅਤੇ ਆਕ੍ਰਿਤੀਆਂ ਆਦਿ ਸਾਨੂੰ ਉਨ੍ਹਾਂ ਬਾਰੇ ਵਿੱਚ ਕੀ ਦੱਸਦੇ ਹਨ ?——————————————————————————————————————————————————————————————————————————

3.
ਸੰਚਾਲਨ ਕੁਸ਼ਲਤਾ ਦਾ ਕੀ ਅਰਥ ਹੈ ? ਇਸ ਦਾ ਵਿਕਾਸ ਕਿਵੇਂ ਕੀਤਾ ਜਾ ਸਕਦਾ ਹੈ ?——————————————————————————————————————————————————————

4.
ਵਰਣਮਾਲਾ ਤੋਂ ਲਿਖਣਾ ਸਿਖਾਉਣਾ ਸ਼ੁਰੂ ਕਰਨ ਵਿੱਚ ਕੀ ਸਮੱਸਿਆ ਹੈ ?——————————————————————————————————————————————

## 6.4 ਚੰਗੀ ਲਿਖਾਈ ਦੇ ਤੱਤ

ਪਹਿਲਾਂ ਲਿਖਣਾ ਸਿੱਖਣ ਦੀ ਸ਼ੁਰੂਆਤ ਵਿੱਚ ਹੀ ਅਸੀਂ ਬੱਚਿਆਂ ਦੀ ਲਿਖਾਈ ਦੀ ਗੁਣਵੱਤਾ 'ਤੇ ਧਿਆਨ ਦੇਣ ਲੱਗ ਜਾਂਦੇ ਹਾਂ। ਇਹ ਠੀਕ ਗੱਲ ਹੈ ਕਿ ਬੱਚੇ ਦੀ ਹੱਥ ਲਿਖਤ ਪੜ੍ਹਨ ਯੋਗ ਹੋਵੇ, ਪਰ ਉਸ ਤੋਂ ਜ਼ਿਆਦਾ ਮਹੱਤਵਪੂਰਨ ਹੈ ਕਿ ਉਸ ਨੇ ਜੋ ਲਿਖਿਆ ਹੈ, ਉਹ ਅਰਥਪੂਰਨ ਹੋਵੇ। ਬੱਚੇ ਲਿਖੇ ਹੋਏ ਨੂੰ ਸੁੰਦਰ ਢੰਗ ਨਾਲ ਨਕਲ ਕਰ ਸਕਦੇ ਹਨ, ਪਰ ਕੀ ਉਹ ਉਸ ਨੂੰ ਸਮਝਦੇ ਵੀ ਹਨ ?

### 6.4.1 ਪੜ੍ਹਨ ਯੋਗ ਅਤੇ ਸੁੰਦਰ ਲਿਖਾਈ

ਸ਼ੁਰੂਆਤੀ ਕਲਾਸਾਂ ਵਿੱਚ ਹੀ ਅਧਿਆਪਕ ਚੰਗੀ ਲਿਖਾਈ ਅਤੇ ਸੁੱਘੜ ਅੱਖਰਾਂ 'ਤੇ ਆਪਣਾ ਧਿਆਨ ਕੇਂਦਰਿਤ ਕਰਦੇ ਹਨ, ਪਰ ਜ਼ਰੂਰੀ ਇਹ ਹੇ ਕਿ ਬੱਚਿਆਂ ਦਾ ਲਿਖਿਆ ਹੋਇਆ ਅਰਥਪੂਰਨ ਹੋਵੇ। ਲਿਖਾਈ ਦੀ ਸੁੰਦਰਤਾ ਇਸ ਗੱਲ ਵਿੱਚ ਹੈ ਕਿ ਉਹ ਕਿੰਨਾ ਅਰਥਪੂਰਨ ਹੈ ? ਚੰਗੀ ਲਿਖਾਈ ਦੀ ਜਿਸ ਗੱਲ ਲਈ ਪ੍ਰਸ਼ੰਸਾ ਕੀਤੀ ਜਾਂਦੀ ਹੈ, ਉਹ ਹੈ ਕਿ ਉਹ ਪੜ੍ਹਨ ਵਿੱਚ ਕਿੰਨਾ ਸੌਖਾ ਹੈ। ਸੁੰਦਰ ਹੱਥ ਲਿਖਤ ਅਤੇ ਭਾਸ਼ਾ ਦੀ ਪਕੜ ਦੇ ਵਿਚਕਾਰ ਕੋਈ ਸਪੱਸ਼ਟ ਸਬੰਧ ਨਹੀਂ ਹੈ। ਜੇਕਰ ਕਿਸੇ ਵਿਅਕਤੀ ਦੀ ਹੱਥ ਲਿਖਤ ਚੰਗੀ ਹੈ ਤਾਂ ਜ਼ਰੂਰੀ ਨਹੀਂ ਕਿ ਉਸ ਦੀ ਭਾਸ਼ਾਈ ਸਮਰੱਥਾ ਵੀ ਜ਼ਿਆਦਾ ਹੋਵੇ। ਇਸੀ ਤਰ੍ਹਾਂ ਕਿਸੇ ਦੀ ਹੱਥ ਲਿਖਤ ਖਰਾਬ ਹੈ ਕਿ ਜ਼ਰੂਰੀ ਨਹੀਂ ਕਿ ਉਸ ਦੀ ਭਾਸ਼ਾਈ ਸਮਰੱਥਾ ਵੀ ਘੱਟ ਹੋਵੇ।

### 6.4.2 ਚੰਗੀ ਲਿਖਾਈ ਵਿਕਸਤ ਕਰਨ ਲਈ ਬੱਚਿਆਂ ਦੀ ਸਹਾਇਤਾ ਕਰਨਾ

ਚੰਗੀ ਲਿਖਾਈ ਵਿਕਸਤ ਕਰਨ ਲਈ ਬੱਚਿਆਂ ਦੀ ਮਦਦ, ਲਿਖਣ ਲਈ ਮੌਲਿਕ ਰੂਪ ਨਾਲ ਜ਼ਰੂਰੀ ਕੁਝ ਗੱਲਾਂ ਨੂੰ ਉਨ੍ਹਾਂ ਵਿੱਚ ਵਿਕਸਤ ਕਰਕੇ ਕੀਤੀ ਜਾ ਸਕਦੀ ਹੈ। ਜਿਵੇਂ ਕਿ ਚੰਗੀ ਸੰਚਾਲਨ ਕੁਸ਼ਲਤਾ, ਚਿੱਤਰ ਕਲਪਨਾ, ਕਲਮ ਨਿਯੰਤਰਣ, ਪੈਨਸਿਲ ਫੜਨੀ ਅਤੇ ਵਿਭਿੰਨ ਕਸਰਤਾਂ ਰਾਹੀਂ ਮੋਢਿਆਂ ਵਿੱਚ ਸਥਿਰਤਾ ਲਿਆਉਣੀ। ਅੱਖਰ ਵਿਸ਼ੇਸ਼ ਲਿਖਣਾ ਸਿਖਾਉਂਦੇ ਸਮੇਂ ਅਧਿਆਪਕ ਵਿਭਿੰਨ ਪ੍ਰਕਾਰ ਦੇ ਮਨੋਰੰਜਨ ਦੇ ਤਰੀਕੇ ਵੀ ਵਿਕਸਤ ਕਰ ਸਕਦਾ ਹੈ। ਉਦਾਹਰਨ ਲਈ ਬੱਚਿਆਂ ਨੂੰ ਇਹ ਦਿਖਾਇਆ ਜਾ ਸਕਦਾ ਹੈ ਕਿ ਅੱਖਰ 'ਐੱਸ' ਕਿਸ ਤਰ੍ਹਾਂ ਸੱਪ ਦੀ ਆਕ੍ਰਿਤੀ ਵਰਗਾ ਹੁੰਦਾ ਹੈ ਅਤੇ ਅੱਖਰ 'ਕਿਊ' ਕਿਸ ਤਰ੍ਹਾਂ ਗੁਬਾਰੇ ਵਰਗਾ ਹੁੰਦਾ ਹੈ। ਇਸੀ ਪ੍ਰਕਾਰ ਹਿੰਦੀ ਵਿੱਚ ਅੱਖਰ 'ਬ' ਦੀ ਮੋਟੇ ਪੇਟ ਵਾਲੇ ਇੱਕ ਵਿਅਕਤੀ ਨਾਲ ਤੁਲਨਾ ਕੀਤੀ ਜਾ ਸਕਦੀ ਹੈ ਅਤੇ ਇਸ ਤਰ੍ਹਾਂ ਖੇਡ ਅਭਿਆਸਾਂ ਦੇ ਜ਼ਰੀਏ ਨਾਲ ਲਿਖਾਈ ਦੇ ਦੋਸ਼ਪੂਰਨ ਪਹਿਲੂਆਂ ਵਿੱਚ ਸੁਧਾਰ ਕਰਾਇਆ ਜਾ ਸਕਦਾ ਹੈ। ਇਹ ਦੋਸ਼ਪੂਰਨ ਪਹਿਲੂ ਇਸ ਪ੍ਰਕਾਰ ਦੇ ਹੋ ਸਕਦੇ ਹਨ: ਸ਼ਬਦਾਂ ਦੇ ਵਿਚਕਾਰ ਢੁਕਵੇਂ ਸਥਾਨ ਨਾ ਛੱਡਣਾ, ਅੱਖਰਾਂ ਦਾ ਆਕਾਰ, ਇਨ੍ਹਾਂ ਨੂੰ ਪੰਕਤੀ ਵਿੱਚ ਨਾ ਰੱਖਣਾ ਆਦਿ। ਉਦਾਹਰਨ ਲਈ ਅੱਖਰਾਂ ਦੇ ਆਕਾਰ ਦੀ ਸਮੱਸਿਆ ਵਿੱਚ ਸੁਧਾਰ ਲਈ ਅਧਿਆਪਕ ਇੱਕ ਖਾਸ ਆਕਾਰ ਦੇ ਗੋਲੇ ਬਣਾ ਸਕਦਾ ਹੈ ਅਤੇ ਬੱਚਿਆਂ ਨਾਲ ਉਨ੍ਹਾਂ ਨੂੰ ਕੁਝ ਅੱਖਰਾਂ ਨਾਲ ਭਰਨ ਲਈ ਕਹਿ ਸਕਦਾ ਹੈ।

### 6.4.3 ਹੱਥ ਲਿਖਤ ਅਤੇ ਵਿਅਕਤੀਤਵ

ਕੁਝ ਅਧਿਆਪਕ ਇਹ ਮੰਨਦੇ ਹਨ ਕਿ ਬੁਰੀ ਲਿਖਾਈ ਵਿਅਕਤੀਤਵ ਵਿੱਚ ਦੋਸ਼ ਲਿਆਉਂਦੀ ਹੈ। ਇਸ ਲਈ ਉਹ ਅਕਸਰ ਬੱਚਿਆਂ ਨੂੰ ਅੱਖਰਾਂ ਨੂੰ ਬਾਰ ਬਾਰ ਸਫ਼ਾਈ ਅਤੇ ਸੁੰਦਰਤਾ ਨਾਲ ਲਿਖਣ ਦੇ ਉਬਾਊ ਕੰਮ ਵਿੱਚ ਲਗਾਈ ਰੱਖਦੇ ਹਨ। ਸਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਜੋ ਗਤੀਵਿਧੀਆਂ ਲਿਖਾਈ ਵਿੱਚ ਸੁਧਾਰ ਕਰਨ ਦੇ ਉਦੇਸ਼ ਨਾਲ ਚਲਾਈਆਂ ਜਾਂਦੀਆਂ ਹਨ, ਉਹ ਬਹੁਤ ਕਠਿਨ, ਮਿਹਨਤਪੂਰਨ ਅਤੇ ਅਣ ਉਤਪਾਦਕ ਹੁੰਦੀਆਂ ਹਨ। ਲਿਖਾਈ ਵਿੱਚ ਸੁਧਾਰ ਲਿਆਉਣ ਨਾਲ ਵਿਅਕਤੀਤਵ ਵਿੱਚ ਸੁਧਾਰ ਨਹੀਂ ਆਉਂਦਾ ਕਿਉਂਕਿ ਲਿਖਾਈ ਵਿਅਕਤੀਤਵ ਨੂੰ ਪ੍ਰਭਾਵਿਤ ਨਹੀਂ ਕਰਦੀ ਹੈ। ਲਿਖਾਈ ਵਿੱਚ ਸੁਧਾਰ ਲਿਆਉਣ ਦੇ ਉਬਾਊ ਯਤਨਾਂ ਦੇ ਕਾਰਨ ਬੱਚੇ ਲਿਖਣ ਦੇ ਕਾਰਜ ਵਿੱਚ ਰੁਚੀ ਖੋ ਦਿੰਦੇ ਹਨ। ਸਾਨੂੰ ਧਿਆਨ ਉਨ੍ਹਾਂ ਗਤੀਵਿਧੀਆਂ 'ਤੇ ਕੇਂਦਰਿਤ ਕਰਨਾ ਚਾਹੀਦਾ ਹੈ ਜੋ ਕਿ ਲਿਖਣ ਦੀ ਕਿਰਿਆ ਨੂੰ ਇੱਕ ਅਰਥਪੂਰਨ ਅਤੇ ਰੁਚੀਪੂਰਨ ਪ੍ਰਵਿਰਤੀ ਬਣਾਉਂਦੀ ਹੈ।

### 6.4.4 ਡਿਸਲੈਕਸੀਆ ਅਤੇ ਹੋਰ ਅਸਮਰੱਥਾਵਾਂ ਦੇ ਸੂਚਕ ਦੇ ਰੂਪ ਵਿੱਚ ਲਿਖਾਈ

ਇੱਕ ਬੱਚੇ ਦੀ ਲਿਖਾਈ ਉਸ ਦੇ ਬਾਰੇ ਵਿੱਚ ਜਾਣਕਾਰੀ ਉਪਲੱਬਧ ਕਰਾ ਸਕਦੀ ਹੈ। ਇਹ ਸੰਭਵ ਹੈ ਕਿ ਬੱਚਾ ਲਿਖਣ ਵਿੱਚ ਅਨੇਕ ਮੁਸ਼ਕਿਲਾਂ ਦਾ ਸਾਹਮਣਾ ਕਰ ਰਿਹਾ ਹੋਵੇ। ਇਨ੍ਹਾਂ ਵਿੱਚ ਕੁਝ ਜਿਵੇਂ ਕਿ ਡਿਸਲੈਕਸੀਆ, ਪ੍ਰਾਣੀਸ਼ਾਸਤਰ ਆਧਾਰਿਤ ਸਥਿਤੀਆਂ ਹਨ। ਡਿਸਲੈਕਸੀਆ ਇੱਕ ਅਜਿਹੀ ਸਥਿਤੀ ਹੈ ਜਿਸ ਵਿੱਚ ਕਿ ਇੱਕ ਵਿਅਕਤੀ ਆਪਣੇ ਦਿਮਾਗ ਦੀ ਅਲੱਗ ਤਰ੍ਹਾਂ ਦੀ ਰਚਨਾ ਦੇ ਕਾਰਨ ਸੂਚਨਾਵਾਂ ਨੂੰ ਅਲੱਗ ਤਰ੍ਹਾਂ ਨਾਲ ਕਿਰਿਆਸ਼ੀਲ ਕਰਦਾ ਹੈ। ਡਿਸਲੈਕਸੀਆ ਤੋਂ ਪੀੜਤ ਵਿਅਕਤੀ ਖੁਦ ਚਿੱਤਰ ਨੂੰ ਪੂਰਨ ਰੂਪ ਵਿੱਚ ਦੇਖਦਾ ਹੈ ਨਾ ਕਿ ਇਸ ਦੀ ਰਚਨਾ ਕਰਨ ਵਾਲੇ ਹਿੱਸੇ ਦੀ ਲੜੀ ਅਤੇ ਕ੍ਰਮ ਵਿੱਚ। ਇਹ ਸਥਿਤੀ ਲਿਖਣ ਵਿੱਚ ਸਮੱਸਿਆਵਾਂ ਪੈਦਾ ਕਰਦੀ ਹੈ। ਅਜਿਹੀ ਅਵਸਥਾ ਵਾਲੇ ਵਿਅਕਤੀ ਵੱਲੋਂ ਲਿਖੀ ਗਈ ਲਿਖਾਈ ਆਮਤੌਰ 'ਤੇ ਪੜ੍ਹਨ ਯੋਗ ਨਹੀਂ ਹੁੰਦੀ, ਉਸ ਦੇ ਅੱਖਰਾਂ ਦੇ ਆਕਾਰ ਅਨਿਯਮਤ ਹੁੰਦੇ ਹਨ ਅਤੇ ਉਨ੍ਹਾਂ ਸ਼ਬਦਾਂ ਅਤੇ ਅੱਖਰਾਂ ਨੂੰ ਲਿਖਣ ਵਿੱਚ ਅਸਬੰਧਿਤ ਪਾਏ ਜਾਂਦੇ ਹਨ। ਇਸ ਪ੍ਰਕਾਰ ਬੱਚਿਆਂ ਨੂੰ ਅੱਖਰਾਂ ਅਤੇ ਸ਼ਬਦਾਂ ਨੂੰ ਲਿਖਣ ਵਿੱਚ ਲਿਖਤ ਸਮੱਗਰੀ ਦੀ ਨਕਲ ਕਰਨ ਵਿੱਚ ਵੀ ਕਠਿਨਾਈਆਂ ਮਹਿਸੂਸ ਹੋ ਸਕਦੀਆਂ ਹਨ। ਬੱਚੇ ਵੱਲੋਂ ਲਿਖਣ ਵਿੱਚ ਅਪਣਾਈ ਗਈ ਸਰੀਰਿਕ ਮੁਦਰਾ ਇੱਕ ਵਾਧੂ ਕਾਰਕ ਹੈ।

ਡਿਸਲੈਕਸੀਆ ਦੇ ਹੋਰ ਕਈ ਲੱਛਣ ਉਨ੍ਹਾਂ ਲਿਖਣ ਦੇ ਕਮਜ਼ੋਰ ਕੁਸ਼ਲਾਂ ਦੇ ਨਾਲ ਜੁੜੇ ਹੁੰਦੇ ਹਨ ਜਿਵੇਂ ਕਿ ਡਿਸਲੈਕਸੀਆ ( ਕਮਜ਼ੋਰ ਸੰਚਾਲਨ ਕੁਸ਼ਲਤਾ ਅਤੇ ਯੋਜਨਾ), ਚਿੱਤਰ ਕਲਪਨਾ ਸੰਬਧੀ ਕੁਸ਼ਲਾਂ ਵਿੱਚ ਕਮੀ ਆਦਿ। ਇਨ੍ਹਾਂ ਲੱਛਣਾਂ ਦੇ ਦਿਖਾਈ ਦੇਣ ਦੇ ਬਾਵਜੂਦ ਅਸੀਂ ਇਹ ਨਹੀਂ ਮੰਨ ਸਕਦੇ ਕਿ ਇਹ ਸਥਿਤੀ ਇੱਕ ਬਿਮਾਰੀ ਹੋਣ ਦਾ ਸੰਕਤੇ ਹੈ। ਇਹ ਸਿਰਫ਼ ਕੁਝ ਸੰਕੇਤ ਹਨ, ਨਿਰਣਾਇਕ ਆਧਾਰ ਨਹੀਂ। ਇਸ ਲਈ ਇਹ ਜਾਣਨ ਲਈ ਕਿ ਕੀ ਬੱਚਾ ਇਸ ਸਥਿਤੀ ਵਿੱਚ ਹੈ, ਜਿਸ ਕਾਰਨ ਉਸ ਨੂੰ ਵਿਸ਼ੇਸ਼ ਸਹਾਇਤਾ ਦੀ ਲੋੜ ਹੈ ਤਾਂ ਅਜਿਹੀ ਸਥਿਤੀ ਵਿੱਚ ਮਾਹਿਰਾਂ ਦੀ ਸਹਾਇਤਾ ਲੈਣੀ ਜ਼ਰੂਰੀ ਹੋ ਜਾਂਦੀ ਹੈ ਜਿਵੇਂ ਕਿ ਵਿਵਸਾਇਕ ਚਿਕਿਤਸਕ।

## ਆਪਣੀ ਪ੍ਰਗਤੀ ਨੂੰ ਪਰਖੋ: 3

1. ਡਿਸਲੈਕਸੀਆ ਤੋਂ ਪੀੜਤ ਵਿਅਕਤੀ–

   (ੳ) ਖੁਦ ਚਿੱਤਰ ਨੂੰ ਪੂਰਨ ਰੂਪ ਵਿੱਚ ਦੇਖਦਾ ਹੈ।

   (ਅ) ਚਿੱਤਰ ਨਹੀਂ ਦੇਖ ਸਕਦਾ।

   (ੲ) ਚਿੱਤਰ ਦੀ ਰਚਨਾ ਕਰਨ ਵਾਲੇ ਹਿੱਸਿਆਂ ਦੀ ਲੜੀ ਜਾਂ ਕ੍ਰਮ ਵਿੱਚ।

   (ਸ) ਚਿੱਤਰ ਨਹੀਂ ਬਣ ਸਕਦਾ ਹੈ।

2. ਲਿਖਣ ਦੀ ਕਿਰਿਆ 'ਤੇ ਹੱਥ ਦੀ ਮੁਦਰਾ ਅਤੇ ਪੈਨਸਿਲ ਦੀ ਪਕੜ ਦੇ ਪ੍ਰਭਾਵ ਦਾ ਵਿਸ਼ਲੇਸ਼ਣ ਕਰੋ।

   ————————————————————————————————

   ————————————————————————————————

   ————————————————————————————————

3. ਅਜਿਹੇ ਤਰੀਕੇ 'ਤੇ ਵਿਚਾਰ ਕਰੋ ਜਿਨ੍ਹਾਂ ਨਾਲ ਅੱਖਰਾਂ ਨੂੰ ਇੱਕ ਅਲੱਗ ਰੂਪ ਵਿੱਚ ਦਿਖਾਉਂਦੇ ਹੋਏ ਅੱਖਰ ਲਿਖਣ ਨੂੰ ਦਿਲਚਸਪ ਬਣਾਇਆ ਜਾ ਸਕੇ। ਅਜਿਹੇ ਲਿਖਾਈ ਅਭਿਆਸ ਤਿਆਰ ਕਰੋ ਜੋ ਕਿ ਹੱਥ ਲਿਖਤ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਵਿੱਚ ਮਦਦ ਕਰਨ।

   ————————————————————————————————

   ————————————————————————————————

   ————————————————————————————————

4. ਮੰਨ ਲਓ ਤੁਹਾਡੀ ਕਲਾਸ ਵਿੱਚ ਇੱਕ ਅਜਿਹੀ ਬੱਚੀ ਹੈ ਜੋ ਟੇਢੇ ਮੇਢੇ ਸ਼ਬਦ ਲਿਖਦੀ ਹੈ ਅਤੇ ਉਸ ਦੀ ਲਿਖਾਈ ਸਮਝ ਵਿੱਚ ਨਹੀਂ ਆਉਂਦੀ ਹੈ। ਤੁਸੀਂ ਕੀ ਕਰੋਗੇ ? ਸਮਝਾਓ।

   ————————————————————————————————

## 6.5 ਚੰਗੀ ਲਿਖਾਈ ਦੀਆਂ ਵਿਸ਼ੇਸ਼ਤਾਵਾਂ

ਇਹ ਉਮੀਦ ਕੀਤੀ ਜਾਂਦੀ ਹੈ ਕਿ ਸਾਡੀ ਲਿਖਾਈ ਭਾਸ਼ਾ ਸਪੈਲਿੰਗ ਅਤੇ ਵਿਆਕਰਨ ਦੇ ਕੁਝ ਨਿਯਮਾਂ ਦੇ ਅਨੁਰੂਪ ਹੋਵੇ। ਬੋਲਦੇ ਸਮੇਂ ਜੇਕਰ ਸੁਣਨ ਵਾਲਾ ਸਾਨੂੰ ਗਲਤ ਤਰੀਕੇ ਨਾਲ ਸਮਝ ਰਿਹਾ ਹੈ ਤਾਂ ਅਰਥ ਨੂੰ ਸਪੱਸ਼ਟ ਕਰਨ ਦਾ ਅਵਸਰ ਸਾਡੇ ਕੋਲ ਹੁੰਦਾ ਹੈ, ਪਰ ਲਿਖਾਈ ਸੰਚਾਰ ਵਿੱਚ ਇਸ ਪ੍ਰਕਾਰ ਦਾ ਕੋਈ ਅਵਸਰ ਉਪਲੱਬਧ ਨਹੀਂ ਹੁੰਦਾ। ਪਰ ਨਿਯਮਾਂ ਵਿੱਚ ਇਹ ਅੰਤਰ ਉਸ ਬੱਚੇ ਦੇ ਸਾਹਮਣੇ ਕੁਝ ਸਮੱਸਿਆਵਾਂ ਖੜ੍ਹੀਆਂ ਕਰ ਦਿੰਦਾ ਹੈ ਜੋ ਲਿਖਣਾ ਸਿੱਖ ਰਿਹਾ ਹੈ ਕਿਉਂਕਿ ਬੋਲੇ ਜਾਣ ਵਾਲੀ ਭਾਸ਼ਾ ਲਿਖਣਾ ਸਿੱਖਣ ਲਈ ਆਧਾਰ ਦਾ ਕੰਮ ਕਰਦੀ ਹੈ। ਲਿਖਤ ਭਾਸ਼ਾ ਦੇ ਉਹ ਲੱਛਣ ਜੋ ਕਿ ਬੋਲਣ ਵਾਲੀ ਭਾਸ਼ਾ ਵਿੱਚ ਨਹੀਂ ਹੁੰਦੇ, ਉਨ੍ਹਾਂ ’ਤੇ ਜੇਕਰ ਸ਼ੁਰੂ ਤੋਂ ਹੀ ਜ਼ੋਰ ਦਿੱਤਾ ਜਾਣ ਲੱਗੇ ਤਾਂ ਭਾਸ਼ਾ ਨੂੰ ਸਿੱਖਣਾ ਇੱਕ ਸਮੱਸਿਆ ਪੂਰਨ ਵਿਸ਼ਾ ਬਣ ਜਾਂਦਾ ਹੈ।

ਭਾਸ਼ਾ ਸਬੰਧੀ ਚਾਰੋਂ ਕੁਸ਼ਲਾਂ ਵਿੱਚ ‘ਲਿਖਣਾ’ ਸਭ ਤੋਂ ਮੁਸ਼ਕਿਲ ਕੁਸ਼ਲ ਹੈ। ਇਸ ਲਈ ਸ਼ਬਦਕੋਸ਼, ਵਿਆਕਰਨ ਅਤੇ ਵਾਕ ਰਚਨਾ ’ਤੇ ਅਧਿਕਾਰ ਪ੍ਰਾਪਤ ਕਰਨ ਦੀ ਲੋੜ ਹੁੰਦੀ ਹੈ। ਅਰਥਪੂਰਨ ਚੰਗੀ ਲਿਖਾਈ ਦਾ ਇੱਕ ਮਹੱਤਵਪੂਰਨ ਲੱਛਣ ਹੈ। ਲਿਖਣ ਦੀ ਕਿਰਿਆ ਨੂੰ ਅਰਥ ਬਣਾਉਣ ਦੀ ਕਿਰਿਆ ਅਤੇ ਅਸੰਗਠਿਤ ਵਿਚਾਰਾਂ ਵਿੱਚ ਸਬੰਧ ਲਿਆਉਣ ਦੀ ਕਿਰਿਆ ਦੇ ਰੂਪ ਵਿੱਚ ਵੀ ਵਰਣਨ ਕੀਤਾ ਜਾ ਸਕਦਾ ਹੈ। ਲਿਖਣ ਦਾ ਉਦੇਸ਼ ਅਰਥਪੂਰਨ ਪ੍ਰਗਟਾਵਾ ਅਤੇ ਸੰਚਾਰ ਹੈ। ਇਹ ਉਦੇਸ਼ ਅਕਸਰ ਕਲਾਸ ਵਿੱਚ ‘ਸਹੀ’ ਲਿਖਣ ’ਤੇ ਜ਼ੋਰ ਦੇਣ ਦੇ ਪਿੱਛੇ ਛੁਪ ਜਾਂਦੇ ਹਨ।

### 6.5.1 ਵਿਆਕਰਨ ਦੀ ਦ੍ਰਿਸ਼ਟੀ ਨਾਲ ਸਹੀ ਭਾਸ਼ਾ

ਬੱਚਾ ਜਦੋਂ ਵੀ ਕੁਝ ਲਿਖਦਾ ਹੈ ਤਾਂ ਅਕਸਰ ਅਧਿਆਪਕ ਉਸ ਵਿੱਚ ਸਪੈਲਿੰਗ ਅਤੇ ਵਿਆਕਰਨ ਦੀਆਂ ਗਲਤੀਆਂ ਕੱਢਣ ਲੱਗਦੇ ਹਨ। ਉਨ੍ਹਾਂ ਨੂੰ ਸੋਚਣਾ ਚਾਹੀਦਾ ਹੈ ਕਿ ਬੋਲਦੇ ਅਤੇ ਲਿਖਦੇ ਸਮੇਂ ਅਜਿਹੀਆਂ ਗਲਤੀਆਂ ਕਰਨਾ ਸੁਭਾਵਿਕ ਹੈ। ਸਾਡੇ ਵਿੱਚੋਂ ਕੋਈ ਵੀ ਸ਼ੁਰੂ ਤੋਂ ਹੀ ਨਾ ਤਾਂ ਸ਼ੁੱਧ ਬੋਲਦਾ ਹੈ ਅਤੇ ਨਾ ਹੀ ਸ਼ੁੱਧ ਲਿਖਦਾ ਹੈ। ਖਾਸ ਕਰਕੇ ਜਦੋਂ ਜਟਿਲ ਵਿਚਾਰਾਂ ਨੂੰ ਲਿਖਣਾ ਹੋਵੇ ਤਾਂ ਗਲਤੀ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ।

ਆਵਾਜ਼ ਦੇ ਪੱਧਰ ’ਤੇ ਇਹ ਸੁਭਾਵਿਕ ਹੈ ਕਿ ਸ਼ੁਰੂ ਸ਼ੁਰੂ ਵਿੱਚ ਅਲੱਗ ਅਲੱਗ ਬੱਚੇ ਅਲੱਗ ਅਲੱਗ ਤਰ੍ਹਾਂ ਨਾਲ ਲਿਖਣਗੇ। ਇੱਕ ਹੀ ਸ਼ਬਦ ਅਲੱਗ ਅਲੱਗ ਬੱਚਿਆਂ ਦੇ ਸਮਾਜਿਕ ਆਲੇ ਦੁਆਲੇ ਵਿੱਚ ਅਲੱਗ ਅਲੱਗ ਤਰੀਕਿਆਂ ਨਾਲ ਬੋਲਿਆ ਜਾਂਦਾ ਹੈ। ਉਦਾਹਰਨ ਲਈ ਇਹ ਸੰਭਵ ਹੈ ਕਿ ਕਿਸੇ ਸਮੁਦਾਏ ਵਿੱਚ ‘ਸੱਕ’ ਅਤੇ ‘ਸ਼ੱਕ’ ਵਿੱਚ ਕੋਈ ਅੰਤਰ ਨਾ ਹੋਵੇ। ਅਜਿਹੇ ਬੱਚੇ ਸੁਭਾਵਿਕ ਰੂਪ ਨਾਲ ਸ਼ੁਰੂਆਤ ਵਿੱਚ ‘ਸ਼ੱਪ’ ਜਾਂ ‘ਸ਼ਾਂਤੀ’ ਨੂੰ ‘ਸੱਪ’ ਜਾਂ ‘ਸਾਂਤੀ’ ਲਿਖਣਗੇ। ਇਸ ਨੂੰ ਗਲਤੀ ਮੰਨ ਕੇ ਸਿੱਖਣ ਦੀ ਪੌੜੀ ਦਾ ਇੱਕ ਹਿੱਸਾ ਮੰਨਣਾ ਚਾਹੀਦਾ ਹੈ। ਇਸੀ ਤਰ੍ਹਾਂ ਦੇ ਉਦਾਹਰਨ ਅਸੀਂ ਵਾਕ ਦੇ ਪੱਧਰ ਤੋਂ ਵੀ ਲੈ ਸਕਦੇ ਹਾਂ। ਹਿੰਦੀ ਬੋਲਣ ਵਾਲੇ ਕਈ ਸਮੁਦਾਇਆਂ ਵਿੱਚ ਕਿਰਿਆ ਵਿੱਚ ਲਿੰਗ ਭੇਦ ਨਹੀਂ ਕੀਤਾ ਜਾਂਦਾ ਹੈ। ਜੇਕਰ ਅਸੀਂ ਬੱਚਿਆਂ ਅਤੇ ਉਨ੍ਹਾਂ ਦੇ ਮਾਤਾ ਪਿਤਾ ਦੇ ਸਾਹਮਣੇ ਬਾਰ ਬਾਰ ਅਜਿਹੀਆਂ ਹੀ ਗਲਤੀਆਂ ’ਤੇ ਜ਼ੋਰ ਦੇਵਾਂਗੇ ਤਾਂ ਉਹ ਦੋਨੋਂ ਹੀ ਨਿਰਾਸ਼ ਹੋ ਜਾਣਗੇ। ਇਸ ਲਈ ਅਜਿਹੀਆਂ ਸਥਿਤੀਆਂ ਵਿੱਚ ਅਕਸਰ ਅਸੀਂ ਦੇਖਦੇ ਹਾਂ ਕਿ ਬੱਚੇ ਸਕੂਲ ਛੱਡ ਦਿੰਦੇ ਹਨ।

ਬੱਚਿਆਂ ਨੂੰ ਸਹੀ ਸਪੈਲਿੰਗ ਅਤੇ ਸਹੀ ਵਿਆਕਰਨ ਸਿਖਾਉਣ ਲਈ ਉਨ੍ਹਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਰੌਚਕ ਅਤੇ ਚੁਣੌਤੀਪੂਰਨ ਸਮੱਗਰੀ ਪੜ੍ਹਨ ਲਈ ਦਿੱਤੀ ਜਾਣੀ ਚਾਹੀਦੀ ਹੈ ਅਤੇ ਨਿਰੰਤਰ ਲਿਖਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।

ਸ਼ੁੱਧ ਸਪੈਲਿੰਗ ਅਤੇ ਵਿਆਕਰਨ ਆਪਣੇ ਆਪ ਵਿੱਚ ਕੋਈ ਸਾਰਥਕ ਟੀਚਾ ਨਹੀਂ ਹੈ। ਸਾਰਥਕ ਟੀਚਾ ਹੈ ਪ੍ਰਭਾਵੀ, ਰੌਚਕ ਅਤੇ ਸੰਤੁਸ਼ਟੀਜਨਕ ਸੰਚਾਰ।

## 6.5.2 ਪਾਠਕ ਨੂੰ ਮਨ ਵਿੱਚ ਰੱਖੋ

ਜਦੋਂ ਵੀ ਅਸੀਂ ਕੁਝ ਲਿਖਦੇ ਹਾਂ ਤਾਂ ਸਹੀ ਸੋਚ ਕੇ ਲਿਖਦੇ ਹਾਂ ਕਿ ਇਸ ਨੂੰ ਕੋਈ ਪੜ੍ਹੇਗਾ, ਚਾਹੇ ਉਹ ਪੜ੍ਹਨ ਵਾਲੇ ਅਸੀਂ ਖੁਦ ਹੀ ਕਿਉਂ ਨਾ ਹੋਈਏ। ਇਸ ਲਈ ਸਾਡੇ ਲਿਖਣ ਦੇ ਤਰੀਕੇ ਵਿੱਚ, ਉਸ ਦੀ ਸ਼ੈਲੀ, ਵਿਆਕਰਨ ਅਤੇ ਸ਼ਬਦ ਚੋਣ ਵਿੱਚ, ਪੜ੍ਹਨ ਵਾਲੇ ਵਿਅਕਤੀ ਜਾਂ ਸਮੂਹ ਦੇ ਅਨੁਸਾਰ ਤਬਦੀਲੀ ਲਿਆਉਂਦੇ ਹਾਂ। ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਕਲਾਸ ਵਿੱਚ ਕਈ ਅਜਿਹੀਆਂ ਗਤੀਵਿਧੀਆਂ ਕੀਤੀਆਂ ਜਾ ਸਕਦੀਆਂ ਹਨ ਜਿਨ੍ਹਾਂ ਵਿੱਚ ਬੱਚੇ ਪਾਠਕ ਦੇ ਪ੍ਰਤੀ ਸੰਵੇਦਨਸ਼ੀਲ ਹੋ ਜਾਣ। ਕਿਸੇ ਪਾਠ ਵਿਸ਼ੇਸ਼ ਨੂੰ ਲੈ ਕੇ ਅਜਿਹੇ ਪ੍ਰਸ਼ਨ ਬਣਾਏ ਜਾ ਸਕਦੇ ਹਨ ਜਿਨ੍ਹਾਂ ਦੇ ਮੂਲ ਵਿੱਚ ਇਹ ਸ਼ਾਮਲ ਰਹੇ ਕਿ ਬੱਚੇ ਸੁਣਨ ਵਾਲੇ ਦੇ ਬਾਰੇ ਵਿੱਚ ਸੋਚਣ। ਇਸੀ ਪ੍ਰਕਾਰ ਬੱਚਿਆਂ ਨੂੰ ਅਲੱਗ ਅਲੱਗ ਪਾਠਕਾਂ ਲਈ ਲਿਖਣ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ।

### ਸਪੱਸ਼ਟਤਾ ਅਤੇ ਸੰਖੇਪਤਾ

ਲਿਖਣ ਵਿੱਚ ਸਪੱਸ਼ਟਤਾ ਅਤੇ ਸੰਖੇਪਤਾ ਜ਼ਰੂਰੀ ਹੈ ਕਿਉਂਕਿ ਇਸੀ ਨਾਲ ਪਾਠਕ ਨੂੰ ਪਤਾ ਲੱਗਦਾ ਹੈ ਕਿ ਲਿਖਣ ਵਾਲੇ ਦਾ ਅਰਥ ਅਤੇ ਭਾਵ ਕੀ ਹੈ। ਸਪੱਸ਼ਟ ਅਤੇ ਸੰਖੇਪ ਲਿਖਣ ਲਈ ਬੱਚਿਆਂ ਨੂੰ ਕੇਵਲ ਲੇਖਕਾਂ ਦੇ ਰੂਪ ਵਿੱਚ ਹੀ ਅਨੁਭਵ ਦੀ ਲੋੜ ਨਹੀਂ ਹੁੰਦੀ ਬਲਕਿ ਪਾਠਕਾਂ ਦੇ ਰੂਪ ਵਿੱਚ ਵੀ ਉਨ੍ਹਾਂ ਨੂੰ ਇਸ ਦੀ ਜ਼ਰੂਰਤ ਹੁੰਦੀ ਹੈ। ਪੜ੍ਹਨ ਤੋਂ ਉਨ੍ਹਾਂ ਨੂੰ ਉਨ੍ਹਾਂ ਵਿਭਿੰਨ ਵਿਧੀਆਂ ਦਾ ਪਤਾ ਚੱਲਦਾ ਹੈ ਜੋ ਕਿ ਲਿਖਣ ਵਾਲਿਆਂ ਰਾਹੀਂ ਆਪਣੇ ਵਿਚਾਰਾਂ ਨੂੰ ਪਾਠਕਾਂ ਤੱਕ ਪਹੁੰਚਾਉਣ ਵਿੱਚ ਪ੍ਰਯੋਗ ਕੀਤੇ ਜਾਂਦੇ ਹਨ।

ਸੰਖੇਪ ਅਤੇ ਸਪੱਸ਼ਟ ਲਿਖਣ ਲਈ ਆਗਾਮੀ ਰੂਪ ਨਾਲ ਯੋਜਨਾ ਬਣਾਉਣ ਦੀ ਲੋੜ ਹੁੰਦੀ ਹੈ। ਵਿਅਕਤੀ ਵੱਲੋਂ ਖੁਦ ਹੀ ਲਿਖਤ ਸਮੱਗਰੀ ਦਾ ਸੰਪਾਦਨ ਕਰਨਾ ਚਾਹੀਦਾ ਹੈ।

## 6.5.3 ਸਰਲ ਬਨਾਮ ਅਲੰਕਾਰੀ ਭਾਸ਼ਾ

ਇਹ ਇੱਕ ਆਮ ਮਾਨਤਾ ਹੈ ਕਿ ਚੰਗਾ ਲੇਖਨ ਉਹ ਕਹਾਉਂਦਾ ਹੈ ਜਿਸ ਵਿੱਚ ਵਿਸਥਾਰਤ ਸ਼ਬਦਾਂ ਅਤੇ ਵਾਕਾਂ ਨੂੰ ਨਾਲ ਲੈ ਕੇ ਅਲੰਕਾਰਿਕ ਭਾਸ਼ਾ ਦਾ ਪ੍ਰਯੋਗ ਕੀਤਾ ਜਾਏ। ਪਰ ਇਹ ਪਾਠਕਾਂ ਨੂੰ ਕੁਝ ਦੱਸਣ ਦੀ ਥਾਂ 'ਤੇ ਉਨ੍ਹਾਂ ਵਿੱਚ ਭਰਮ ਪੈਦਾਕਰੇ ਤਾਂ ਇਸ ਦਾ ਉਦੇਸ਼ ਹੀ ਖੋ ਜਾਂਦਾ ਹੈ। ਜੋ ਲੇਖਣ ਇਸ ਨੂੰ ਪੜ੍ਹਨ ਜਾਂ ਸੁਣਨ ਵਾਲੇ ਤੱਕ ਆਪਣੇ ਸੰਦੇਸ਼ ਨੂੰ ਸਪੱਸ਼ਟ ਰੂਪ ਨਾਲ ਪਹੁੰਚਾਉਂਦਾ ਹੈ, ਉਹੀ ਲੇਖਣ ਕਹਾਉਂਦਾ ਹੈ।

ਇਸ ਲਈ ਬੱਚਿਆਂ ਨੂੰ ਲਿਖਣ ਵਿੱਚ ਅਜਿਹੀ ਭਾਸ਼ਾ ਦਾ ਪ੍ਰਯੋਗ ਕਰਨ ਲਈ ਪ੍ਰੋਤਸਾਹਿਤ ਕੀਤਾ ਜਾਣਾ ਚਾਹੀਦਾਹੈ ਜਿਸ ਵਿੱਚ ਉਨ੍ਹਾਂ ਦਾ ਭਾਵ ਸਪੱਸ਼ਟ ਹੋ ਸਕੇ।

ਮਹੱਤਵਪੂਰਨ ਗੱਲ ਖੁਦ ਨੂੰ ਪ੍ਰਗਟਾਉਣ ਦੀ ਯੋਗਤਾ ਹੈ ਨਾ ਕਿ ਅਜਿਹਾ ਪ੍ਰਭਾਵ ਪੈਦਾ ਕਰਨਾ ਹੈ ਜੋ ਕਿ ਇੱਕ ਵਿਅਕਤੀ ਆਪਣੀ ਲੇਖਣੀ ਦੇ ਫਲਸਰੂਪ ਦੂਜਿਆਂ 'ਤੇ ਪੈਦਾ ਕਰਨਾ ਚਾਹੁੰਦਾ ਹੈ। ਇਸ ਦਾ ਅਰਥ ਇਹ ਨਹੀਂ ਹੈ ਕਿ ਕੇਵਲ ਸਰਲ ਲੇਖਣ ਹੀ ਚੰਗਾ ਲੇਖਣ ਹੁੰਦਾ ਹੈ। ਜਿਵੇਂ ਜਿਵੇਂ ਬੱਚਿਆਂ ਦਾ ਸ਼ਬਦ ਗਿਆਨ ਪੜ੍ਹਨ ਅਤੇ ਭਾਸ਼ਾ ਨਾਲ ਜੁੜੇ ਹੋਰ ਅਨੁਭਵਾਂ ਦੇ ਜ਼ਰੀਏ

ਵਿਕਸਤ ਹੋਣ ਲੱਗਦਾ ਹੈ, ਉਵੇਂ ਉਵੇਂ ਉਹ ਕੁਝ ਅਲੰਕਾਰੀ ਸ਼ਬਦਾਂ ਦਾ ਪ੍ਰਯੋਗ ਕਰਨ ਲੱਗਦਾ ਹੈ। ਬੱਚਿਆਂ ਵੱਲੋਂ ਕੀਤੇ ਜਾਣ ਵਾਲੇ ਅਜਿਹੇ ਸਾਰਥਕ ਯਤਨਾਂ ਨੂੰ ਪ੍ਰੋਤਸਾਹਿਤ ਕੀਤਾ ਜਾਣਾ ਚਾਹੀਦਾ ਹੈ। ਇੱਕ ਚੰਗਾ ਸ਼ਬਦ ਗਿਆਨ ਜੋ ਵਿਅਕਤੀ ਨੂੰ ਖ਼ੁਦ ਦੇ ਪ੍ਰਗਟਾਵੇ ਲਈ ਜ਼ਿਆਦਾ ਵਿਕਲਪ ਅਤੇ ਆਜ਼ਾਦੀ ਦਿੰਦਾ ਹੈ, ਉਹ ਬੁਰੀ ਚੀਜ਼ ਨਹੀਂ ਹੁੰਦਾ। ਫਿਰ ਵੀ ਆਪਣੀ ਗੱਲ ਨੂੰ ਸਰਲਤਾ ਨਾਲ ਕਹਿਣ ਦੀ ਤਰਜੀਹ ਦੇਣੀ ਚਾਹੀਦੀ ਹੈ। ਇਸ ਦੇ ਨਾਲ ਬੱਚਿਆਂ ਨੂੰ ਸਰਲ ਅਤੇ ਸਪੱਸ਼ਟ ਲੇਖਣ ਦੇ ਉਦਾਹਰਨ ਦਿੱਤੇ ਜਾਣੇ ਚਾਹੀਦੇ ਹਨ। ਇਮਾਨਦਾਰੀ ਨਾਲ ਕੀਤਾ ਗਿਆ ਸਰਲ ਲੇਖਣ ਖ਼ੁਦ ਅਲੰਕਾਰਿਕ ਅਤੇ ਅਭਿਮਾਨਪੂਰਨ ਲੇਖਣ ਤੋਂ ਉੱਪਰ ਮਤਲਬ ਉਸ ਤੋਂ ਸ਼੍ਰੇਸ਼ਠ ਹੁੰਦਾ ਹੈ। ੳ ਅਤੇ ਅ ਦੀ ਤੁਲਨਾ ਕਰੋ।

ੳ. ਬਹੁਤ ਨਿਮਰਤਾ, ਬਹੁਤ ਸਤਿਕਾਰ ਨਾਲ ਮੈਂ ਤੁਹਾਨੂੰ ਸੂਚਿਤ ਕਰਨਾ ਚਾਹਾਂਗਾ ਕਿ ਜੇਕਰ ਤੁਸੀਂ ਮੈਨੂੰ ਦੋ ਦਿਨਾਂ ਦੀ ਛੁੱਟੀ ਦਿੰਦੇ ਹੋ ਤਾਂ ਮੈਂ ਬਹੁਤ ਧੰਨਵਾਦੀ ਹੋਵਾਂਗਾ ਅਤੇ ਤੁਹਾਡੇ ਮਾਣਯੋਗ ਦਫ਼ਤਰ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ।

ਅ. ਕ੍ਰਿਪਾ ਕਰਕੇ ਮੈਨੂੰ ਦੋ ਦਿਨਾਂ ਦੀ ਛੁੱਟੀ ਦਿਓ।

ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਸਹਿਮਤ ਹੋਵੋਗੇ ਕਿ (ਅ), (ੳ) ਨਾਲੋਂ ਕਿਤੇ ਬਿਹਤਰ ਹੈ।

**ਆਪਣੀ ਪ੍ਰਗਤੀ ਨੂੰ ਪਰਖੋ:** 4

1. ਲਿਖਣ ਦਾ ਉਦੇਸ਼ ਕੀ ਹੈ ?

   (ੳ) ਅਲੰਕਾਰੀ ਭਾਸ਼ਾ ਦੀ ਵਰਤੋਂ ਕਰਨਾ (ਅ) ਵਿਆਕਰਨੀ ਸਹੀ ਭਾਸ਼ਾ ਦੀ ਵਰਤੋਂ

   (ੲ) ਸਹੀ ਲਿਖਣਾ (ਸ) ਅਰਥ ਪੂਰਨ ਪ੍ਰਗਟਾਵਾ ਅਤੇ ਸੰਚਾਰ

2. ਚੰਗੇ ਲੇਖਣ ਦੀਆਂ ਕੀ ਕੀ ਵਿਸ਼ੇਸ਼ਤਾਵਾਂ ਹਨ

   ________________________________

   ________________________________

   ________________________________

3. ਸਾਰਥਕ ਲਿਖਾਈ ਜ਼ਿਆਦਾ ਮਹੱਤਵਪੂਰਨ ਹੈ ਜਾਂ ਸ਼ੁੱਧ ਲਿਖਾਈ ? ਕਾਰਨ ਸਮੇਤ ਉੱਤਰ ਦਿਓ।

   ________________________________

   ________________________________

   ________________________________

4. ਲਿਖਣਾ ਸਿੱਖਣ ਦੀ ਸ਼ੁਰੂਆਤ ਵਿੱਚ ਬੱਚੇ ਸਪੈਲਿੰਗ ਅਤੇ ਵਿਆਕਰਨ ਸਬੰਧੀ ਗਲਤੀਆਂ ਕਿਉਂ ਕਰਦੇ ਹਨ ?

———————————————————————

———————————————————————

———————————————————————

5. ਅਜਿਹੀ ਗਤੀਵਿਧੀ ਦੇ ਬਾਰੇ ਵਿੱਚ ਸੋਚੋ ਜਿਸ ਵਿੱਚ ਬੱਚਿਆਂ ਦੀ ਪਸੰਦ ਦੀ ਪੁਸਤਕ ਦਾ ਉਪਯੋਗ ਚੰਗੀ ਲਿਖਾਈ ਦੇ ਗੁਣਾਂ ’ਤੇ ਜ਼ੋਰ ਦੇਣ ਲਈ ਕੀਤਾ ਜਾ ਸਕੇ।

———————————————————————

———————————————————————

———————————————————————

ਲਿਖਾਈ ਕੁਸ਼ਲਾਂ ਦੇ ਵਿਕਾਸ ਵਿੱਚ ਲੇਖਣ ਦੀ ਦੁਹਰਾਈ ਅਤੇ ਖਰੜੇ ਦੀ ਕੀ ਰੋਲ ਹੈ?

## 6.6 ਸ਼ੁਰੂਆਤੀ ਕਲਾਸਾਂ ਵਿੱਚ ਲਿਖਾਈ ਕੁਸ਼ਲਾਂ ਦਾ ਵਿਕਾਸ

ਸ਼ੁਰੂਆਤੀ ਕਲਾਸਾਂ ਵਿੱਚ ਲਿਖਾਈ ਦਾ ਵਿਕਾਸ ਭਾਸ਼ਾ ਸਬੰਧੀ ਤਿੰਨ ਹੋਰ ਕੁਸ਼ਲਤਾਵਾਂ– ਸੁਣਨਾ, ਬੋਲਣਾ ਅਤੇ ਪੜ੍ਹਨਾ ਰਾਹੀਂ ਬਣਾਈ ਗਈ ਨੀਂਹ ’ਤੇ ਨਿਰਮਤ ਹੋਏਗਾ। ਇਹ ਵੀ ਸਮਝਣਾ ਜ਼ਰੂਰੀ ਹੈ ਕਿ ਬੱਚੇ ਤਾਂ ਹੀ ਪ੍ਰਭਾਵੀ ਰੂਪ ਨਾਲ ਲਿਖਣਾ ਸਿੱਖਣਗੇ ਜਦੋਂ ਲਿਖਣ ਦੀ ਕਿਰਿਆ ਅਰਥਪੂਰਨ ਹੋਏਗੀ ਅਤੇ ਜੋ ਲਿਖਿਆ ਜਾ ਰਿਹਾ ਹੈ, ਉਹ ਸੰਦਰਭ ਨਾਲ ਜੁੜਿਆ ਹੋਇਆ ਅਤੇ ਬੱਚਿਆਂ ਲਈ ਆਨੰਦਦਾਇਕ ਹੋਵੇ। ਇਸ ਲਈ ਬੱਚਿਆਂ ਨੂੰ ਸਮੂਹ ਵਿੱਚ ਕੁਝ ਗਤੀਵਿਧੀਆਂ ਕਰਵਾਈਆਂ ਜਾ ਸਕਦੀਆਂ ਹਨ। ਇਸ ਸੰਦਰਭ ਵਿੱਚ ਜੋ ਗਤੀਵਿਧੀਆਂ ਹੇਠ ਦੱਸੀਆਂ ਜਾ ਰਹੀਆਂ ਹਨ, ਉਹ ਕੇਵਲ ਸੁਝਾਅ ਹੈ ਅਤੇ ਇਹ ਸੰਭਾਵਿਤ ਅਤੇ ਢੁਕਵੀਆਂ ਪ੍ਰਵਿਰਤੀਆਂ ਦਾ ਛੋਟਾ ਜਿਹਾ ਹਿੱਸਾ ਹਨ–

1. **ਚਿੱਤਰ ਬਣਾਉਣਾ**– ਇਸ ਵਿੱਚ ਬੱਚਿਆਂ ਦੇ ਸਨਮੁੱਖ ਕੁਝ ਪਾਤਰਾਂ ਅਤੇ ਵਸਤੂਆਂ ਵਾਲੇ ਇੱਕ ਚਿੱਤਰ ਨੂੰ ਪੇਸ਼ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਇਸ ਦੇ ਬਾਰੇ ਵਿੱਚ ਲਿਖਣ ਲਈ ਕਿਹਾ ਜਾਂਦਾ ਹੈ। ਇਸ ਲੇਖਣ ਵਿੱਚ ਵਿਭਿੰਨ ਪ੍ਰਕਾਰ ਦੀਆਂ ਰਚਨਾਵਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਉਨ੍ਹਾਂ ਨੂੰ ਚਿੱਤਰ ਦੇ ਆਧਾਰ ’ਤੇ ਇੱਕ ਕਹਾਣੀ ਲਿਖਣ, ਚਿੱਤਰ ਦਾ ਵਰਣਨ ਕਰਨ, ਪਾਤਰਾਂ ਦੇ ਵਿਚਕਾਰ ਸੰਵਾਦ ਲਿਖਣ, ਚਿੱਤਰ ਵਿੱਚ ਖਾਲੀ ਸਥਾਨ ਨੂੰ ਭਰਨ ਜਾਂ ਫਿਰ ਚਿੱਤਰ ਦੇ ਬਾਰੇ ਵਿੱਚ ਲਿਖਣ ਲਈ ਕਿਹਾ ਜਾ ਸਕਦਾ ਹੈ। ਜਦੋਂ ਇਨ੍ਹਾਂ ਚਿੱਤਰਾਂ ਦੀ ਇੱਕ ਲੜੀ ਉਪਲੱਬਧ ਕਰਾਈ ਜਾਏ ਤਾਂ ਉਨ੍ਹਾਂ ਨੂੰ ਇਨ੍ਹਾਂ ਚਿੱਤਰਾਂ ਵਿੱਚ ਜੋ ਕਹਾਣੀ ਦਿਖਾਈ ਦੇ ਰਹੀ ਹੈ, ਉਸ ਨੂੰ ਸ਼ਬਦਾਂ ਵਿੱਚ ਪ੍ਰਗਟ ਕਰਨ ਲਈ ਕਿਹਾ ਜਾ ਸਕਦਾ ਹੈ।

2. **ਦਿੱਤੇ ਗਏ ਰੇਖਾ ਚਿੱਤਰ ਤੋਂ ਕਹਾਣੀਆਂ ਬਣਾਉਣਾ**– ਬੱਚਿਆਂ ਨੂੰ ਸ਼ਬਦਾਂ ਅਤੇ ਸ਼ਬਦ ਜੋੜਾਂ ਦੀ ਇੱਕ ਲੜੀ ਦੇ ਰੂਪ ਵਿੱਚ ਇੱਕ ਕਹਾਣੀ ਲਈ ਮੋਟਾ ਜਿਹਾ ਖਾਕਾ ਦਿੱਤਾ ਜਾ ਸਕਦਾ ਹੈ ਅਤੇ ਇਸ ਤੋਂ ਬਾਅਦ ਉਨ੍ਹਾਂ ਨੂੰ ਖੁਦ ਹੀ ਇਸ ’ਤੇ ਇੱਕ ਕਹਾਣੀ ਲਿਖਣ ਲਈ ਕਿਹਾ ਜਾ ਸਕਦਾ ਹੈ।

3. **ਸੁਤੰਤਰ ਲੇਖਣ**–ਬੱਚਿਆਂ ਨੂੰ ਉਸ ਬਾਰੇ ਵਿੱਚ ਲਿਖਣ ਲਈ ਕਿਹਾ ਜਾ ਸਕਦਾ ਹੈ ਜਿਸ ਵਿੱਚ ਉਹ ਆਮ ਤੌਰ ’ਤੇ ਬਹੁਤ ਰੁਚੀ ਰੱਖਦੇ ਹਨ ਅਤੇ ਜਿਸ ਦੇ ਬਾਰੇ ਵਿੱਚ ਉਹ ਬਹੁਤ ਗੱਲਾਂ ਕਰਦੇ ਹਨ। ਇਸ ਨਾਲ ਕੇਵਲ ਲੇਖਣ ਦੀ ਕੁਸ਼ਲਤਾ ਵਿਕਸਤ ਕਰਨ ਵਿੱਚ ਹੀ ਮਦਦ ਨਹੀਂ ਮਿਲੇਗੀ ਬਲਕਿ ਸਿੱਖਣ ਦੀ ਕਿਰਿਆ ਨੂੰ ਅੱਗੇ ਵਧਾਉਣ ਲਈ ਅਧਿਆਪਕ ਨੂੰ ਜ਼ਿਆਦਾ ਤਕਨੀਕਾਂ ਦੀ ਤਰਫ਼ ਲੈ ਜਾਣ ਵਿੱਚ ਵੀ ਸਹਾਇਤਾ ਮਿਲੇਗੀ।

4. **ਕਹਾਣੀ ਨੂੰ ਅੱਗੇ ਵਧਾਉਣਾ**–ਬੱਚਿਆਂ ਨੂੰ ਇੱਕ ਕਹਾਣੀ ਦੀ ਸ਼ੁਰੂਆਤ ਦੱਸੀ ਜਾ ਸਕਦੀ ਹੈ ਫਿਰ ਉਨ੍ਹਾਂ ਨੂੰ ਸੋਚ ਕੇ ਉਸ ਨੂੰ ਅੱਗੇ ਵਧਾਉਣ ਲਈ ਕਿਹਾ ਜਾ ਸਕਦਾ ਹੈ।

5. **ਬੋਲ ਕੇ ਲਿਖਾਉਣਾ**– ਅਧਿਆਪਕ ਕੁਝ ਸ਼ਬਦਾਂ ਨੂੰ ਜ਼ੋਰ ਨਾਲ ਬੋਲ ਸਕਦਾ ਹੈ ਅਤੇ ਬੱਚਿਆਂ ਨੂੰ ਉਨ੍ਹਾਂ ਨੂੰ ਲਿਖਣ ਲਈ ਇਹ ਦੇਖਣ ਲਈ ਕਹਿ ਸਕਦਾ ਹੈ ਕਿ ਕੀ ਉਨ੍ਹਾਂ ਨੇ ਬੋਲੀਆਂ ਗਈਆਂ ਆਵਾਜ਼ਾਂ ਅਤੇ ਉਨ੍ਹਾਂ ਦੇ ਲਿਖਤ ਰੂਪ ਦੇ ਵਿਚਕਾਰ ਸੰਪਰਕ ਸੂਤਰ ਨੂੰ ਸਮਝ ਲਿਆ ਹੈ।

6. **ਆਖਰੀ ਅੱਖਰ ਪਹਿਲਾ**– ਬੱਚਿਆਂ ਨੂੰ ਇੱਕ ਸਮੂਹ ਵਿੱਚ ਬੈਠਾਇਆ ਜਾ ਸਕਦਾ ਹੈ ਅਤੇ ਸ਼ਬਦਾਂ ਨੂੰ ਇੱਕ ਇੱਕ ਕਰਕੇ ਇਸ ਤਰ੍ਹਾਂ ਲਿਖਣ ਲਈ ਕਿਹਾ ਜਾ ਸਕਦਾ ਹੈ ਕਿ ਜੋ ਉਹ ਲਿਖਦੇ ਹਨ ਉਸ ਦਾ ਪਹਿਲਾ ਅੱਖਰ ਸ਼ਬਦ ਦਾ ਆਖਰੀ ਅੱਖਰ ਹੋਣਾ ਚਾਹੀਦਾ ਹੈ ਜੋ ਕਿ ਪਹਿਲਾਂ ਆਇਆ ਸੀ। ਜੇਕਰ ਕੋਈ ਅਜਿਹਾ ਤਰੀਕਾ ਹੈ ਜਿਸ ਨਾਲ ਇਹ ਜਾਣਿਆ ਜਾ ਸਕੇ ਕਿ ਕਿਸਨੇ ਕਿਹੜਾ ਸ਼ਬਦ ਲਿਖਿਆ ਤਾਂ ਫਿਰ ਅਧਿਆਪਕ ਕਠਿਨਾਈਆਂ ਅਤੇ ਸਮਰੱਥਾਵਾਂ ਨੂੰ ਜਾਣਨ ਵਿੱਚ ਸਮਰੱਥ ਹੋ ਸਕੇਗਾ।

7. ਅਧਿਆਪਕ ਬੱਚਿਆਂ ਨੂੰ ਉਨ੍ਹਾਂ ਦੀ ਰੁਚੀ ਦੇ ਕਿਸੇ ਵਿਸ਼ੇ ’ਤੇ ਗੱਲ ਕਰਨ ਦੀ ਪ੍ਰਵਾਨਗੀ ਦੇ ਸਕਦਾ ਹੈ ਅਤੇ ਜੋ ਉਹ ਕਹਿੰਦੇ ਹਨ, ਉਸ ਨੂੰ ਬੱਚਿਆਂ ਦੇ ਸਾਹਮਣੇ ਹੀ ਲਿਖ ਸਕਦਾ ਹੈ। ਇਸ ਨਾਲ ਲਿਖਣ ਦਾ ਸੰਚਾਰ ਸਬੰਧੀ ਉਦੇਸ਼ ਸਪੱਸ਼ਟ ਹੋਏਗਾ ਅਤੇ ਬੋਲਣ ਅਤੇ ਲਿਖਣ ਦੇ ਵਿਚਕਾਰ ਦਾ ਸਬੰਧ ਵੀ ਸਪੱਸ਼ਟ ਹੋ ਸਕੇਗਾ।

8. **ਲੈਆਤਮਕ ਸ਼ਬਦ**– ਬੱਚਿਆਂ ਨੂੰ ਅਜਿਹੇ ਸ਼ਬਦ ਦੱਸਣ ਲਈ ਕਿਹਾ ਜਾ ਸਕਦਾ ਹੈ ਜੋ ਕਿ ਕਿਸੇ ਵਾਕ ਅੰਸ਼ ਨੂੰ ਕਵਿਤਾਮਈ ਬਣਾਉਂਦੇ ਹੋਣ ਅਤੇ ਦਿੱਤੇ ਗਏ ਵਾਕ ਅੰਸ਼ ਵਿੱਚ ਆਪਸ ਵਿੱਚ ਆਵਾਜ਼ ਸਮਾਨ ਰੱਖਦੇ ਹੋਣ।

ਬੱਚਿਆਂ ਨੂੰ ਲਿਖਣਾ ਸਿਖਾਉਂਦੇ ਸਮੇਂ ਅਧਿਆਪਕ ਵੱਲੋਂ ਉਨ੍ਹਾਂ ਨੂੰ ਆਪਣੇ ਖੁਦ ਦੇ ਵਿਚਾਰਾਂ ਨੂੰ ਪ੍ਰਗਟ ਕਰਨ ਦਾ ਅਵਸਰ ਜ਼ਰੂਰ ਦਿੱਤਾ ਜਾਣਾ ਚਾਹੀਦਾ ਹੈ ਅਤੇ ਬੱਚਿਆਂ ਨੂੰ ਅਜਿਹੇ ਵਿਸ਼ੇ ’ਤੇ ਨਿਬੰਧ ਲਿਖਣ ਲਈ ਨਹੀਂ ਦਿੱਤਾ ਜਾਣਾ ਚਾਹੀਦਾ ਜਿਸ ਨੂੰ ਉਨ੍ਹਾਂ ਨੂੰ ਰੱਟ ਕੇ ਲਿਖਣਾ ਪਏ। ਜੇਕਰ ਬੱਚਿਆਂ ਨੂੰ ਦਿੱਤਾ ਗਿਆ ਕਾਰਜ ਉਨ੍ਹਾਂ ਦੇ ਜੀਵਨ ਨਾਲ ਜੁੜਿਆ ਹੋਇਆ ਹੋਏਗਾ ਤਾਂ ਉਹ ਜ਼ਿਆਦਾ ਲਿਖਣਗੇ।

ਆਪਣੀ ਪ੍ਰਗਤੀ ਨੂੰ ਪਰਖੋ- 51.
ਬੱਚਿਆਂ ਨੂੰ ਲਿਖਣਾ ਸਿਖਾਉਂਦੇ ਸਮੇਂ ਅਧਿਆਪਕ ਨੂੰ ਕੀ ਕਰਨਾ ਚਾਹੀਦਾ ਹੈ ?(ੳ) ਰੱਟ ਕੇ ਲਿਖਣ ਵਾਲੇ ਵਿਸ਼ੇ ਦੇਣੇ ਚਾਹੀਦੇ ਹਨ।(ਅ) ਵਰਣਮਾਲਾ ਲਿਖਣ ਲਈ ਦੇਣੀ ਚਾਹੀਦੀ ਹੈ।(ੲ) ਖੁਦ ਦੇ ਵਿਚਾਰ ਲਿਖਣ ਦਾ ਮੌਕਾ ਦੇਣਾ ਚਾਹੀਦਾ ਹੈ।(ਸ) ਇੱਕ ਹੀ ਅੱਖਰ ਨੂੰ ਕਈ ਬਾਰ ਲਿਖਣ ਨੂੰ ਦੇਣਾ ਚਾਹੀਦਾ ਹੈ।

2.
ਲੈਆਤਮਕ ਸ਼ਬਦ ਲਿਖਣਾ ਸਿਖਾਉਣ ਵਿੱਚ ਕਿਸ ਪ੍ਰਕਾਰ ਮਦਦਗਾਰ ਹੈ ? ਸਪੱਸ਼ਟ ਕਰੋ।———————————————————————————————————————————————————————————————————————————————

3.
ਪ੍ਰਾਇਮਰੀ ਕਲਾਸਾਂ ਵਿੱਚ ਲਿਖਣਾ ਸਿਖਾਉਣ ਲਈ ਇੱਥੇ ਸੁਝਾਈਆਂ ਗਈਆਂ ਗਤੀਵਿਧੀਆਂ ਨੂੰ ਕਲਾਸ ਵਿੱਚ ਬੱਚਿਆਂ ਨਾਲ ਕਰਕੇ ਦੇਖੋ।———————————————————————————————————————————————————————————————————————————————————————

4.
ਲਿਖਣਾ ਸਿਖਾਉਣ ਵਿੱਚ ਕਹਾਣੀ ਦੇ ਮਾਧਿਆਮ ਨਾਲ ਕੀ ਕੀ ਗਤੀਵਿਧੀਆਂ ਕਰਾਈਆਂ ਜਾ ਸਕਦੀਆਂ ਹਨ ?———————————————————————————————————————————————————————————————————————————————————————

## 6.7 ਲਿਖਣ ਦੇ ਉੱਚ ਪ੍ਰਕਾਰ

ਲਿਖਣ ਦੇ ਦੋ ਮੁੱਖ ਉਦੇਸ਼ਾਂ-ਪ੍ਰਗਟਾਵਾ ਅਤੇ ਸੰਚਾਰ ਦੇ ਵਿਕਾਸ ਲਈ ਲਿਖਾਈ ਦੇ ਉੱਚ ਪ੍ਰਕਾਰਾਂ- ਪੈਰਾਗ੍ਰਾਫ ਲੇਖਣ, ਪੱਤਰ ਲੇਖਣ, ਲੇਖ ਲੇਖਣ, ਕਹਾਣੀ ਲੇਖਣ ਅਤੇ ਕਵਿਤਾ ਲੇਖਣ ਦਾ ਸਕੂਲਾਂ ਵਿੱਚ ਅਭਿਆਸ ਕਰਾਇਆ ਜਾਂਦਾ ਹੈ।

**ਪੈਰਾਗ੍ਰਾਫ ਲੇਖਣ**- ਇਸ ਤਹਿਤ ਬੱਚਿਆਂ ਨੂੰ ਇੱਕ ਵਿਸ਼ਾ ਦੇ ਕੇ ਉਨ੍ਹਾਂ ਨੂੰ ਇਸ ਪ੍ਰਕਾਰ ਲਿਖਣ ਲਈ ਕਿਹਾ ਜਾਂਦਾ ਹੈ। ਛੋਟੇ ਬੱਚਿਆਂ ਦੀ ਉੱਭਰਦੀ ਲੇਖਣ ਕੁਸ਼ਲਤਾ ਨੂੰ ਵਿਕਸਤ ਕਰਨ ਲਈ ਪੈਰਾਗ੍ਰਾਫ ਲੇਖਣ ਇੱਕ ਚੰਗਾ ਅਭਿਆਸ ਹੈ। ਇਹ ਉਨ੍ਹਾਂ ਵਿਸ਼ਿਆਂ ਨਾਲ ਸਬੰਧਿਤ ਗੱਲਾਂ ਨੂੰ ਲਿਖਣ ਲਈ ਪ੍ਰੋਤਸਾਹਿਤ ਕਰਦਾ ਹੈ। ਇਹ ਲੇਖ ਲੇਖਣ ਵਰਗੇ ਕੁਸ਼ਲਾਂ ਲਈ ਚੰਗਾ ਅਭਿਆਸ ਹੈ। ਬੱਚਿਆਂ ਨੂੰ ਇਹ ਸਲਾਹ ਦਿੱਤੀ ਜਾ ਸਕਦੀ ਹੈ ਕਿ ਉਹ ਆਪਣੇ ਜੀਵਨ ਨਾਲ ਸਬੰਧਿਤ ਗੱਲਾਂ ਦੇ ਬਾਰੇ ਵਿੱਚ ਲਿਖਣ। ਇਹ ਪੈਰਾਗ੍ਰਾਫ ਬੱਚਿਆਂ ਦੀ ਉਮਰ ਅਤੇ ਵਿਸ਼ੇ ਦੀ ਸਮਝ ਦੇ ਅਨੁਸਾਰ ਛੋਟੇ ਜਾਂ ਵੱਡੇ ਹੋ ਸਕਦੇ ਹਨ।

**ਲੇਖ ਲੇਖਣ**- ਲੇਖ ਇੱਕ ਅਜਿਹੀ ਰਚਨਾ ਹੁੰਦੀ ਹੈ ਜੋ ਕਿ ਅਨੇਕ ਵਿਚਾਰਾਂ ਨੂੰ ਕ੍ਰਮਬੱਧ ਤਰੀਕੇ ਨਾਲ ਬੰਨ੍ਹਦੀ ਜਾਂ ਜੋੜਦੀ ਹੈ। ਲੇਖ ਮੂਲ ਦੋ ਪ੍ਰਕਾਰ ਦੇ ਹੁੰਦੇ ਹਨ: ਵਿਚਾਰਾਤਮਕ ਅਤੇ ਭਾਵਨਾਤਮਕ। ਲੇਖ ਦੇ ਕਈ ਭਾਗ ਹੁੰਦੇ ਹਨ ਜਿਵੇਂ ਕਿ ਭੂਮਿਕਾ, ਇਸ ਦੇ ਬਾਅਦ ਮੁੱਖ ਭਾਗ ਅਤੇ ਇਸ ਤੋਂ ਬਾਅਦ ਸਿੱਟਾ। ਇਸ ਵੰਡ ਨਾਲ ਪਤਾ ਲੱਗਦਾ ਹੈ ਕਿ ਲੇਖ ਦੇ ਵਿਚਾਰਾਂ ਦੀ ਆਸਾਨ ਧਾਰਾ ਪ੍ਰਤੀਬਿੰਬਤ ਹੋਣੀ ਚਾਹੀਦੀ ਹੈ। ਇਹ ਵਿਚਾਰ ਇੱਕ ਵਿਸ਼ੇ

ਨਾਲ ਸਬੰਧਿਤ ਹੋਣੇ ਚਾਹੀਦੇ ਹਨ ਅਤੇ ਇੱਕ ਤਾਰਕਿਕ ਤਰੀਕੇ ਨਾਲ ਪ੍ਰਵਾਹਿਤ ਹੋਣੇ ਚਾਹੀਦੇ ਹਨ। ਲੇਖਕ ਵੱਲੋਂ ਸਪੱਸ਼ਟਤਾ ਅਤੇ ਸਥਿਰਤਾ ਨਾਲ ਵਿਸ਼ੇ ਨੂੰ ਅੱਗੇ ਵਧਾਇਆ ਜਾਣਾ ਚਾਹੀਦਾ ਹੈ। ਪੈਰਾਗ੍ਰਾਫ ਦੇ ਉਲਟ ਲੇਖ ਵਿੱਚ ਇੱਕ ਵਿਸ਼ਾ ਵਿਸ਼ੇਸ਼ 'ਤੇ ਗਹਿਰਾਈ ਨਾਲ ਹੋਰ ਵਿਸਥਾਰ ਨਾਲ ਚਰਚਾ ਕੀਤੀ ਜਾਣੀ ਚਾਹੀਦੀ ਹੈ।

ਲੇਖ ਦੀ ਗੁਣਵੱਤਾ ਦੇ ਬਾਰੇ ਵਿੱਚ ਚਿੰਤਾ ਕਰਦੇ ਹੋਏ ਅਧਿਆਪਕ ਕਦੇ ਕਦੇ ਬੱਚਿਆਂ ਨੂੰ ਖੁਦ ਲੇਖ ਲਿਖਾ ਦਿੰਦੇ ਹਨ ਅਤੇ ਵਿਦਿਆਰਥੀਆਂ ਤੋਂ ਕੇਵਲ ਯਾਦ ਕਰਨ ਅਤੇ ਲਿਖਣ ਦੀ ਉਮੀਦ ਕਰਦੇ ਹਨ। ਇਹ ਕਿਸੇ ਵਿਸ਼ੇ 'ਤੇ ਵਿਅਕਤੀ ਵੱਲੋਂ ਖੁਦ ਨੂੰ ਪ੍ਰਭਾਵੀ ਤਰੀਕੇ ਨਾਲ ਪ੍ਰਗਟ ਕਰਨ ਦੀ ਸਮਰੱਥਾ ਵਿਕਸਤ ਕਰਨ ਦੇ ਉਦੇਸ਼ ਨੂੰ ਪੂਰੀ ਤਰ੍ਹਾਂ ਸਮਾਪਤ ਕਰ ਦਿੰਦਾ ਹੈ। ਇਸ ਲਈ ਲੇਖਾਂ ਦੇ ਮਾਮਲੇ ਵਿੱਚ ਬੱਚਿਆਂ ਦੇ ਆਪਣੇ ਵਿਚਾਰਾਂ ਅਤੇ ਅਨੁਭਵਾਂ ਨੂੰ ਮਹੱਤਵਪੂਰਨ ਸਥਾਨ ਦਿੱਤਾ ਜਾਣਾ ਜ਼ਰੂਰੀ ਹੈ।

**ਪੱਤਰ ਲੇਖਣ**: ਪਰੰਪਰਾ ਅਨੁਸਾਰ ਪੱਤਰ ਦੂਰ ਰਹਿਣ ਵਾਲੇ ਲੋਕਾਂ ਤੱਕ ਸੰਦੇਸ਼ ਪਹੁੰਚਾਉਣ ਲਈ ਲਿਖੇ ਜਾਂਦੇ ਰਹੇ ਹਨ। ਲੇਖਾਂ ਦੇ ਉਲਟ, ਪੱਤਰਾਂ ਦਾ ਇੱਕ ਬਹੁਤ ਹੀ ਵਿਸ਼ੇਸ਼ ਸੰਚਾਰ ਉਦੇਸ਼ ਹੁੰਦਾ ਹੈ। ਇਸ ਲਈ ਇਨ੍ਹਾਂ ਵਿੱਚ ਮੁੱਦਿਆਂ ਅਤੇ ਬਿੰਦੂਆਂ 'ਤੇ ਵਿਸਥਾਰ ਨਾਲ ਕਹਿਣ ਅਤੇ ਤਾਰਕਿਕ ਨਿਰੰਤਰਤਾ ਨਾਲ ਲਿਖਣ ਦੀ ਲੋੜ ਨਹੀਂ ਹੁੰਦੀ, ਜਿਵੇਂ ਕਿ ਲੇਖਾਂ ਦੇ ਮਾਮਲੇ ਵਿੱਚ ਪਾਇਆ ਜਾਂਦਾ ਹੈ। ਇਸ ਦੇ ਸਥਾਨ 'ਤੇ ਆਪਣੀ ਗੱਲ ਕਹਿਣ ਲਈ ਇਨ੍ਹਾਂ ਵਿੱਚ ਲਿਖਣ ਦੇ ਇੱਕ ਖਾਸ ਹੁਨਰ ਅਤੇ ਕੁਸ਼ਲਤਾ ਦੀ ਲੋੜ ਹੁੰਦੀ ਹੈ। ਪੱਤਰ ਲਿਖਣ ਵਾਲੇ ਅਤੇ ਪਾਉਣ ਵਾਲੇ ਦੇ ਆਪਸੀ ਸਬੰਧਾਂ ਦੇ ਅਨੁਸਾਰ ਪੱਤਰ ਲੇਖਣ ਦੀ ਸ਼ੈਲੀ ਬਦਲਦੀ ਰਹਿੰਦੀ ਹੈ। ਪੱਤਰ ਲੇਖਕ ਨੂੰ ਇਹ ਸਮਝਣ ਦੀ ਲੋੜ ਹੁੰਦੀ ਹੈ ਕਿ ਪੱਤਰ ਪ੍ਰਾਪਤ ਕਰਨ ਵਾਲਾ ਉਸ ਵਿੱਚ ਲਿਖੇ ਗਏ ਸੰਦੇਸ਼ 'ਤੇ ਕਿਵੇਂ ਪ੍ਰਤੀਕਿਰਿਆ ਕਰੇਗਾ।

**ਕਹਾਣੀ ਲੇਖਣ**–ਇਹ ਇੱਕ ਅਜਿਹਾ ਅਭਿਆਸ ਹੈ ਜਿਸ ਨੂੰ ਉਸ ਸਮੇਂ ਸ਼ੁਰੂ ਕੀਤਾ ਜਾ ਸਕਦਾ ਹੈ ਜਦੋਂ ਬੱਚੇ ਲਿਖਣਾ ਸ਼ੁਰੂ ਕਰਦੇ ਹਨ, ਇਹ ਉਨ੍ਹਾਂ ਦੀ ਕਲਪਨਾ ਅਤੇ ਉਨ੍ਹਾਂ ਦੇ ਲੇਖਣ ਹੁਨਰ ਦੇ ਵਿਕਾਸ ਵਿੱਚ ਸਹਾਇਤਾ ਕਰਦੀ ਹੈ। ਇਹ ਇੱਕ ਅਜਿਹੀ ਵਿਧਾ ਹੈ ਜਿਸ ਨੂੰ ਕਿਸੇ ਵੀ ਉਮਰ ਵਿੱਚ ਪੂਰਾ ਕੀਤਾ ਜਾ ਸਕਦਾ ਹੈ। ਵੱਡੇ ਬੱਚਿਆਂ ਲਈ ਇਸ ਅਭਿਆਸ ਦਾ ਉਦੇਸ਼ ਮੋਟੇ ਰੂਪ ਵਿੱਚ ਉਹੀ ਹੁੰਦਾ ਹੈ ਜੋ ਕਿ ਬੱਚਿਆਂ ਲਈ ਹੁੰਦਾ ਹੈ, ਪਰ ਇਸ ਕਾਰਜ ਵਿੱਚ ਭਾਸ਼ਾ ਨੂੰ ਸਿੱਖਣ ਦੇ ਸਥਾਨ 'ਤੇ ਵਿਚਾਰ ਕੁਸ਼ਲਾਂ ਅਤੇ ਕਲਪਨਾਸ਼ੀਲਤਾ ਦੇ ਗੁਣਾਂ ਨੂੰ ਪ੍ਰੋਤਸਾਹਿਤ ਕਰਨ 'ਤੇ ਜ਼ੋਰ ਦਿੱਤਾ ਜਾਂਦਾ ਹੈ। ਜਿਵੇਂ ਜਿਵੇਂ ਬੱਚੇ ਵੱਡੇ ਹੋਣ ਲੱਗਦੇ ਹਨ ਉਨ੍ਹਾਂ ਤੋਂ ਮੁੱਦਿਆਂ ਨੂੰ ਅਲੱਗ ਦ੍ਰਿਸ਼ਟੀ ਨਾਲ ਦੇਖਣ, ਸਮੱਸਿਆ ਦੇ ਸਮਾਧਾਨ ਵਿੱਚ ਸਰਗਰਮ ਰੂਪ ਨਾਲ ਭਾਗ ਲੈਣ ਅਤੇ ਲੇਖਣ ਦੇ ਸੁਹਜਾਤਮਕ ਗੁਣਾਂ ਨੂੰ ਆਤਮਸਾਤ ਕਰਨ ਜਾਂ ਸਮਝਣ ਦੀ ਉਮੀਦ ਕੀਤੀ ਜਾਂਦੀ ਹੈ। ਇਹ ਕੁਸ਼ਲ ਸਾਹਿਤ ਦੇ ਵਿਭਿੰਨ ਰੂਪਾਂ ਦੇ ਨਾਲ ਨਜ਼ਦੀਕ ਸੰਪਰਕ ਨਾਲ ਵਿਕਸਤ ਹੁੰਦੇ ਹਨ। ਇਸ ਸਮੇਂ ਤੱਕ ਬੱਚੇ ਸਾਹਿਤ ਦੇ ਵਿਭਿੰਨ ਰੂਪਾਂ ਤੋਂ ਜਾਣੂ ਹੋ ਜਾਂਦੇ ਹਨ ਜਿਵੇਂ ਕਿ ਕਵਿਤਾਵਾਂ, ਕਹਾਣੀਆਂ ਅਤੇ ਨਾਟਕ। ਇਸ ਪ੍ਰਕਾਰ ਦਾ ਗਿਆਨ ਅਤੇ ਅਨੁਭਵ, ਵਿਚਾਰ ਕਰਨ ਅਤੇ ਕਹਾਣੀ ਲਿਖਣ ਦੇ ਹੁਨਰਾਂ ਨੂੰ ਵਿਕਸਤ ਕਰਨ ਵਿੱਚ ਸਹਾਇਤਾ ਪਹੁੰਚਾਉਂਦਾ ਹੈ। ਦੂਜੀ ਤਰਫ਼ ਕਹਾਣੀ ਲੇਖਣ ਇੱਕ ਅਜਿਹੀ ਪ੍ਰਵਿਰਤੀ ਹੈ ਜੋ ਕਿ ਬੱਚਿਆਂ ਨੂੰ ਉਨ੍ਹਾਂ ਦੀ ਕਲਪਨਾ ਦਾ ਉਪਯੋਗ ਕਰਨ ਦਾ ਅਵਸਰ ਦਿੰਦੀ ਹੈ ਅਤੇ ਇਹ ਮਨੋਰੰਜਕ ਵੀ ਹੈ। ਇਸ ਨਾਲ ਸਾਹਿਤ ਅਤੇ ਭਾਸ਼ਾ ਵਿੱਚ ਰੁਚੀ ਪੈਦਾ ਹੁੰਦੀ ਹੈ।

ਕਹਾਣੀ ਲੇਖਣ ਦੇ ਮਾਧਿਅਮ ਨਾਲ ਲਿਖਣ ਅਤੇ ਵਿਚਾਰ ਕਰਨ ਦੀਆਂ ਕਿਰਿਆਵਾਂ ਨੂੰ ਵਿਕਸਤ ਕੀਤਾ ਜਾ ਸਕਦਾ ਹੈ। ਇਸ ਲਈ ਬੱਚਿਆਂ ਤੋਂ ਕਹਾਣੀਆਂ ਦੇ ਵਿਕਲਪਕ ਅੰਤ ਦੱਸਣ, ਇੱਕ ਗੰਭੀਰ ਅਤੇ ਮਹੱਤਵਪੂਰਨ ਬਿੰਦੂ ਨਾਲ ਕਹਾਣੀ ਨੂੰ ਅੱਗੇ ਵਧਾਉਣ, ਚਰਿੱਤਰ ਵਿਸ਼ੇਸ਼ ਦੇ ਦ੍ਰਿਸ਼ਟੀਕੋਣ ਨਾਲ ਕਹਾਣੀ ਲਿਖਣ ਆਦਿ ਲਈ ਕਿਹਾ ਜਾ ਸਕਦਾ ਹੈ।

**ਕਵਿਤਾ ਲੇਖਣ**– ਛੋਟੀਆਂ ਕਲਾਸਾਂ ਵਿੱਚ ਪੜ੍ਹਨ ਵਾਲੇ ਬੱਚੇ ਕੇਵਲ ਉਨ੍ਹਾਂ ਕਵਿਤਾਵਾਂ ਨੂੰ ਜਾਣਦੇ ਹਨ ਜਿਨ੍ਹਾਂ ਵਿੱਚ ਗਾਇਨ ਵਾਲੇ ਸ਼ਬਦ ਹੁੰਦੇ ਹਨ। ਇਹ ਗਾਇਨ ਵਾਲੇ ਸ਼ਬਦ ਕਵਿਤਾ ਵਿੱਚ ਰੁਚੀ ਪੈਦਾ ਕਰਨ ਅਤੇ ਬੱਚਿਆਂ ਨੂੰ ਸ਼ਬਦਾਂ ਦੇ ਪ੍ਰਭਾਵ ਦਾ ਅਨੁਭਵ ਕਰਾਉਣ ਵਿੱਚ ਸਹਾਇਤਾ ਕਰਦੇ ਹਨ। ਗਾਇਨ ਵਾਲੇ ਸ਼ਬਦਾਂ ਦੇ ਕਾਰਨ ਬੱਚੇ ਉਸ ਨੂੰ ਆਸਾਨੀ ਨਾਲ ਪੜ੍ਹ ਲੈਂਦੇ ਹਨ। ਇਸ ਲਈ ਛੋਟੇ ਬੱਚਿਆਂ ਦੇ ਨਾਲ ਛੋਟੀਆਂ ਕਵਿਤਾਵਾਂ ਬਣਾਉਣ ਦੀ ਪ੍ਰਵਿਰਤੀ ਸ਼ੁਰੂ ਕੀਤੀ ਜਾ ਸਕਦੀ ਹੈ। ਬੱਚਿਆਂ ਨਾਲ ਉਨ੍ਹਾਂ ਦੇ ਸਾਥੀਆਂ ਨਾਲ ਮਿਲ ਕੇ ਸਮੂਹ ਵਿੱਚ ਜਾਂ ਇਕੱਲੇ ਹੀ ਕਵਿਤਾਵਾਂ ਬਣਾਉਣ ਲਈ ਕਿਹਾ ਜਾ ਸਕਦਾ ਹੈ। ਇਹ ਇੱਕ ਮਨੋਰੰਜਕ ਗਤੀਵਿਧੀ ਹੋ ਸਕਦੀ ਹੈ।

ਉੱਚ ਕਲਾਸਾਂ ਵਿੱਚ ਕਵਿਤਾ ਲੇਖਣ ਜ਼ਿਆਦਾ ਜਟਿਲ ਹੋ ਜਾਂਦਾ ਹੈ ਕਿਉਂਕਿ ਉਨ੍ਹਾਂ ਬੱਚਿਆਂ ਦੀ ਇਸ ਬਾਰੇ ਵਿੱਚ ਸਮਝ ਕਿ ਕਵਿਤਾ ਵਿੱਚ ਕੀ ਹੁੰਦਾ ਹੈ, ਜ਼ਿਆਦਾ ਪਰਿਪੱਕਤਾ ਅਤੇ ਗਹਿਰੀ ਹੁੰਦੀ ਹੈ। ਕਵਿਤਾ ਲੇਖਣ ਨਾਲ ਬੱਚਿਆਂ ਵਿੱਚ ਸੁਹਜਾਤਮਕਤਾ ਦੀ ਭਾਵਨਾ ਵਿਕਸਤ ਕਰਨ ਨਾਲ ਵੀ ਜੋੜਕੇ ਦੇਖਿਆ ਅਤੇ ਸਮਝਿਆ ਜਾ ਸਕਦਾ ਹੈ।

**ਆਪਣੀ ਪ੍ਰਗਤੀ ਨੂੰ ਪਰਖੋ–6**

1. ਛੋਟੀਆਂ ਕਲਾਸਾਂ ਵਿੱਚ ਬੱਚੇ ਕਿਸ ਤਰ੍ਹਾਂ ਦੀਆਂ ਕਵਿਤਾਵਾਂ ਨੂੰ ਜਾਣਦੇ ਹਨ ?

(s) ਕਠਿਨ ਸ਼ਬਦਾਂ ਵਾਲੀ ਕਵਿਤਾ (ਅ) ਸੋਚਣ ਵਾਲੀ ਕਵਿਤਾ

(r) ਗਾਇਨ ਵਾਲੇ ਸ਼ਬਦਾਂ ਵਾਲੀ ਕਵਿਤਾ (ਸ) ਛੋਟੀ ਕਵਿਤਾ

2. ਪੱਤਰ ਲੇਖਣ ਲੇਖ ਲੇਖਣ ਤੋਂ ਕਿਵੇਂ ਅਲੱਗ ਹੈ ?

————————————————————————

————————————————————————

————————————————————————

3. 'ਬੱਚਿਆਂ ਦੀ ਜਗਿਆਸਾ' ਵਿਸ਼ੇ 'ਤੇ ਇੱਕ ਲੇਖ ਅਤੇ ਇੱਕ ਪੈਰਾਗ੍ਰਾਫ ਲਿਖੋ।

————————————————————————

————————————————————————

————————————————————————

4. ਅਕਸਰ ਸਕੂਲਾਂ ਵਿੱਚ ਲੇਖ ਅਤੇ ਪੱਤਰ ਅਧਿਆਪਕ ਖੁਦ ਹੀ ਲਿਖਵਾ ਦਿੰਦੇ ਹਨ ਅਤੇ ਬੱਚਿਆਂ ਨੂੰ ਉਨ੍ਹਾਂ ਨੂੰ ਯਾਦ ਕਰਨ ਲਈ ਕਹਿ ਦਿੰਦੇ ਹਨ। ਕੀ ਅਜਿਹਾ ਕਰਨਾ ਉੱਚਿਤ ਹੈ ? ਕਾਰਨ ਸਹਿਤ ਆਪਣੀ ਗੱਲ ਸਪੱਸ਼ਟ ਕਰੋ।

————————————————————————

————————————————————————

————————————————————————

## 6.8 ਸਾਰਾਂਸ਼

ਲਿਖਣਾ ਇੱਕ ਭਾਸ਼ਾਈ ਹੁਨਰ ਹੈ। ਲੇਖਣ ਕਾਰਜ ਤਹਿਤ ਅਜਿਹੇ ਭਾਸ਼ਾਈ ਨਿਸ਼ਾਨ ਬਣਾਉਣ ਦਾ ਕਾਰਜ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ ਕਿਸੇ ਵਿਅਕਤੀ ਵੱਲੋਂ ਪੜ੍ਹਿਆ ਅਤੇ ਸਮਝਿਆ ਜਾ ਸਕੇ। ਬੱਚਿਆਂ ਨੂੰ ਲਿਖਣਾ ਸਿਖਾਉਂਦੇ ਸਮੇਂ ਇਹ ਸੁਨਿਸ਼ਚਤ ਕਰਨਾ ਮਹੱਤਵਪੂਰਨ ਹੈ ਕਿ ਉਨ੍ਹਾਂ ਵਿੱਚ ਕੁਝ ਜ਼ਰੂਰੀ ਯੋਗਤਾਵਾਂ ਵਿਕਸਤ ਹੋਈਆਂ ਹਨ। ਜਿਵੇਂ ਚੰਗੀ ਸੰਚਾਲਨ ਸਮਰੱਥਾ ਵਿਕਾਸ, ਮੁਦਰਾ (ਬੈਠਕੇ ਕਾਰਜ ਕਰਨ ਵਿੱਚ ਸਰੀਰਿਕ ਸਥਿਤੀ) ਅਤੇ ਸਰੀਰਿਕ ਵਿਕਾਸ ਅਤੇ ਖੁਦ ਨੂੰ ਸਪੱਸ਼ਟ ਰੂਪ ਨਾਲ ਪ੍ਰਗਟ ਕਰਨ ਲਈ ਬੋਲੀ ਜਾਣ ਵਾਲੀ ਭਾਸ਼ਾ ਦਾ ਪ੍ਰਯੋਗ ਕਰਨ ਦੀ ਸਮਰੱਥਾ ਆਦਿ। ਬੱਚੇ ਵੱਲੋਂ ਲਿਖਣ ਦੀ ਤਿਆਰੀ ਵੀ ਬਰਾਬਰ ਰੂਪ ਨਾਲ ਮਹੱਤਵਪੂਰਨ ਹੈ ਜੋ ਕਿ ਲੇਖਣ ਸਮੱਗਰੀ ਨੂੰ ਪ੍ਰਯੋਗ ਕਰਨ ਲਈ ਕੀਤੇ ਗਏ ਉਨ੍ਹਾਂ ਦੇ ਉਪਰਾਲਿਆਂ ਤੋਂ ਪ੍ਰਗਟ ਹੁੰਦੀ ਹੈ।

ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਲਿਖਣਾ ਸ਼ੁਰੂ ਕਰਨ ਵਾਲੇ ਬੱਚੇ ਲਈ ਲੇਖਣ ਅਰਥਪੂਰਨ ਹੋਣਾ ਚਾਹੀਦਾ ਹੈ। ਲਿਖਣਾ ਸ਼ੁਰੂ ਕਰਦੇ ਸਮੇਂ ਬੱਚੇ ਜੋ ਗਲਤੀਆਂ ਕਰਦੇ ਹਨ, ਉਹ ਬੋਲੀਆਂ ਜਾਣ ਵਾਲੀਆਂ ਅਤੇ ਲਿਖੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚ ਜੋ ਅੰਤਰ ਹੈ, ਉਸ ਕਾਰਨ ਹੁੰਦਾ ਹੈ। ਕਿਉਂਕਿ ਲਿਖਣਾ ਇੱਕ ਹੁਨਰ ਹੈ ਜੋ ਕਿ ਪੜ੍ਹਨ, ਬੋਲਣ ਅਤੇ ਸੁਣਨ ਦੀਆਂ ਹੋਰ ਭਾਸ਼ਾ ਕੁਸ਼ਲਤਾਵਾਂ ਦੇ ਵਿਕਾਸ ਦੇ ਨਾਲ ਵਿਕਸਤ ਹੁੰਦਾ ਹੈ। ਇਸ ਲਈ ਇਸ ਨੂੰ ਇਸ ਤਰ੍ਹਾਂ ਨਾਲ ਪ੍ਰੋਤਸਾਹਿਤ ਕੀਤਾ ਜਾਣਾ ਚਾਹੀਦਾ ਹੈ ਕਿ ਉਹ ਸਾਰੇ ਇੱਕ ਦੂਜੇ ਦੇ ਪੂਰਕ ਹੋ ਸਕਣ।

ਹੱਥ ਲਿਖਤ ਬੱਚੇ ਦੇ ਵਿਅਕਤੀਤਵ ਦੇ ਬਾਰੇ ਵਿੱਚ ਜਾਣਕਾਰੀ ਦੇ ਸਕਦੀ ਹੈ, ਪਰ ਬੁਰੀ ਹੱਥ ਲਿਖਤ ਆਪਣੇ ਆਪ ਵਿੱਚ ਕੁਝ ਵੀ ਅਣਚਾਹਿਆ ਨਹੀਂ ਸੁਝਾਉਂਦੀ। ਬੱਚਿਆਂ ਦੀ ਹੱਥ ਲਿਖਤ ਵਿੱਚ ਸੁਧਾਰ ਕਰਨ ਲਈ ਵਿਭਿੰਨ ਤਰੀਕਿਆਂ ਦਾ ਪ੍ਰਯੋਗ ਕਰਦੇ ਹੋਏ ਉਨ੍ਹਾਂ ਦੀ ਮਦਦ ਕੀਤੀ ਜਾ ਸਕਦੀ ਹੈ। ਲਿਖਣ ਵਿੱਚ ਕੁਝ ਜ਼ਰੂਰੀ ਗੁਣਾਂ ਨੂੰ ਵੀ ਮਹੱਤਵ ਦਿੱਤਾ ਜਾਣਾ ਚਾਹੀਦਾ ਹੈ ਜਿਵੇਂ ਕਿ ਸਪੱਸ਼ਟਤਾ, ਸੰਖੇਪਤਾ, ਅਤੇ ਸਰਲਤਾ। ਕਿਉਂਕਿ ਲਿਖੀ ਜਾਣ ਵਾਲੀ ਭਾਸ਼ਾ ਅਤੇ ਬੋਲੀ ਜਾਣ ਵਾਲੀ ਭਾਸ਼ਾ ਵਿੱਚ ਅੰਤਰ ਹੁੰਦਾ ਹੈ, ਇਸ ਲਈ ਲਿਖਤ ਸਮੱਗਰੀ ਬੱਚਿਆਂ ਦੇ ਸਾਹਮਣੇ ਜ਼ਿਆਦਾ ਰੂਪ ਵਿੱਚ ਪੇਸ਼ ਕਰਦੇ ਹੋਏ ਉਨ੍ਹਾਂ ਦੇ ਲੇਖਣ ਹੁਨਰ ਨੂੰ ਵਿਕਸਤ ਕਰਨ ਵਿੱਚ ਉਨ੍ਹਾਂ ਦੀ ਸਹਾਇਤਾ ਕੀਤੀ ਜਾ ਸਕਦੀ ਹੈ। ਇਸੀ ਤਰ੍ਹਾਂ ਦੇ ਉਪਾਇਆਂ ਦਾ ਉਪਯੋਗ ਭਾਸ਼ਾ ਵਿੱਚ ਵਿਆਕਰਨ ਸਬੰਧੀ ਤਰੁੱਟੀਆਂ ਸੁਧਾਰਨ ਲਈ ਵੀ ਕੀਤਾ ਜਾ ਸਕਦਾ ਹੈ।

ਲੇਖਣ ਹੁਨਰ ਵੈਸੇ ਵੀ ਵਿਕਸਤ ਹੁੰਦਾ ਹੈ ਜਿਵੇਂ ਬੱਚੇ ਵੱਡੇ ਹੁੰਦੇ ਰਹਿੰਦੇ ਹਨ। ਬੱਚਿਆਂ ਦੀ ਵਧਦੀ ਉਮਰ ਨਾਲ ਉਨ੍ਹਾਂ ਨੂੰ ਲੇਖਣ ਦੇ ਉੱਚ ਪ੍ਰਕਾਰ (ਲੇਖ, ਪੱਤਰ, ਕਵਿਤਾ) ਤੋਂ ਜਾਣੂ ਕਰਾਉਣਾ ਚਾਹੀਦਾ ਹੈ। ਇਨ੍ਹਾਂ ਵਿੱਚੋਂ ਹਰੇਕ ਲਈ ਇੱਕੋ ਜਿਹੀਆਂ ਪਰ ਵਿਸ਼ੇਸ਼ ਯੋਗਤਾਵਾਂ ਦੀ ਲੋੜ ਹੁੰਦੀ ਹੈ, ਜਿਸ ਦੇ ਸਬੰਧ ਵਿੱਚ ਅਧਿਆਪਕ ਨੂੰ ਜਾਗਰੂਕ ਹੋਣਾ ਚਾਹੀਦਾ ਹੈ।

## 6.9 ਸੰਦਰਭ ਗ੍ਰੰਥ/ਕੁਝ ਉਪਯੋਗੀ ਪੁਸਤਕਾਂ

Trask, R.L. (1995). Language: the Basics. London: Routledge

Kroll, Barbara (2003). Exploring the Dynamics of Second Language Writing.

London: Cambridge University Press.

Yule, George (1985). The Study of Language. London: Cambridge University Press.

## 6.10 ਇਕਾਈ ਅੰਤ ਅਭਿਆਸ

1. ਲਿਖਣਾ ਸਿੱਖਣ ਦੀ ਸ਼ੁਰੂਆਤ ਵਿੱਚ ਸੰਚਾਲਨ ਹੁਨਰ ਪ੍ਰਾਪਤ ਕਰਨਾ ਕਿਉਂ ਜ਼ਰੂਰੀ ਹੈ ?

2. 'ਸਕੂਲ ਜਾਣ ਤੋਂ ਪਹਿਲਾਂ ਬੱਚਿਆਂ ਵਿੱਚ ਇੱਕ ਲਿਖਣ ਦੀ ਵਿਸ਼ੇਸ਼ ਸਮਰੱਥਾ ਹੁੰਦੀ ਹੈ।' ਆਪਣੇ ਆਸਪਾਸ ਕਿਸੇ 4–5 ਸਾਲ ਦੇ ਬੱਚੇ ਦਾ ਪ੍ਰੇਖਣ ਕਰੋ ਅਤੇ ਇਸ ਗੱਲ ਨੂੰ ਸਪੱਸ਼ਟ ਕਰੋ।

3. ਬੋਲਣ ਦੀ ਭਾਸ਼ਾ ਜਲਦੀ ਬਦਲਦੀ ਹੈ ਜਦੋਂ ਕਿ ਲਿਖਤ ਭਾਸ਼ਾ ਹੌਲੀ ਹੌਲੀ ਬਦਲਦੀ ਹੈ। ਉਦਾਹਰਨ ਦਿੰਦੇ ਹੋਏ ਸਪੱਸ਼ਟ ਕਰੋ।

4. ਲਿਖਣ ਵਿੱਚ ਸਰਲਤਾ, ਸਪੱਸ਼ਟਤਾ ਅਤੇ ਸੰਖੇਪਤਾ ਦਾ ਕੀ ਮਹੱਤਵ ਹੈ ? ਸਪੱਸ਼ਟ ਕਰੋ।

5. ਲਿਖਤ ਅਤੇ ਬੋਲਣ ਵਾਲੀ ਭਾਸ਼ਾ ਦੇ ਅੰਤਰਾਂ ਦਾ ਵਿਸ਼ਲੇਸ਼ਣ ਕਰੋ।

6. ਡਿਸਲੈਕਸੀਆ ਤੋਂ ਪੀੜਤ ਬੱਚੇ ਨੂੰ ਲਿਖਣ ਵਿੱਚ ਕੀ ਸਮੱਸਿਆਵਾਂ ਆਉਂਦੀਆਂ ਹਨ ?

7. ਕਹਾਣੀ ਅਤੇ ਕਵਿਤਾ ਲੇਖਣ ਦਾ ਭਾਸ਼ਾ ਸਿਖਾਉਣ ਵਿੱਚ ਕੀ ਮਹੱਤਵ ਹੈ ?

## ਗਤੀਵਿਧੀ

ਬੱਚਿਆਂ ਵਿੱਚ ਸੰਚਾਲਨ ਕੁਸ਼ਲਤਾ ਨੂੰ ਵਿਕਸਤ ਕਰਨ ਲਈ ਕੀਤੀਆਂ ਜਾ ਸਕਣ ਵਾਲੀਆਂ ਗਤੀਵਿਧੀਆਂ 'ਤੇ ਵਿਚਾਰ ਕਰੋ।

ਉਨ੍ਹਾਂ ਗਤੀਵਿਧੀਆਂ ਦੇ ਬਾਰੇ ਵਿੱਚ ਸੋਚੋ ਜੋ ਬੱਚਿਆਂ ਨੂੰ ਜ਼ਿਆਦਾ ਸੰਚਾਰਸ਼ੀਲ ਬਣਾ ਸਕਦੀਆਂ ਹਨ। ਇਸ ਨੂੰ ਪ੍ਰਾਪਤ ਕਰਨ ਲਈ ਵਿਭਿੰਨ ਪ੍ਰਕਾਰ ਦੀ ਸਮੱਗਰੀ ਦਾ ਉਪਯੋਗ ਕਿਸ ਪ੍ਰਕਾਰ ਕੀਤਾ ਜਾ ਸਕਦਾ ਹੈ।